ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com
Also On
Visit on facebook
https://www.facebook.com/awazeqaumtv/videos/1948995821245311/

Awaze Qaum
(ਯੂ. ਕੇ. ਤੋਂ ਪ੍ਰਕਾਸ਼ਿਤ)
You Tube https://youtu.be/LQwolgxDu7I

International Daily Newspaper & WEB TV
awazeqaumtvpunjab@gmail.com

ਐਤਵਾਰ, 14 ਸਤੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੩੦ ਭਾਦੋਂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਜ਼ੀਰਾ ਵਾਲੀ ਸ਼ਰਾਬ ਫੈਕਟਰੀ ਢਾਹੁਣ ਦੇ ਹੁਕਮ

**ਜ਼ੀਰਾ, 13 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪਿੰਡ ਮਨਸੂਰਵਾਲ ਕਲਾਂ 'ਚ ਲੱਗੀ ਸ਼ਰਾਬ ਫ਼ੈਕਟਰੀ ਦਾ ਕੁਝ ਹਿੱਸਾ ਢਾਹੁਣ ਦੇ ਹੁਕਮ ਜਾਰੀ ਹੋਏ ਹਨ। ਇਹ ਹੁਕਮ ਐੱਨ.ਜੀ.ਟੀ. ਵੱਲੋਂ ਜਾਰੀ ਕੀਤੇ ਗਏ ਹਨ। ਜਾਣਕਾਰੀ ਮੁਤਾਬਕ ਐੱਨਜੀਟੀ ਦਿੱਲੀ ਦੀ ਅਦਾਲਤ ਵਿਚ ਜਸਟਿਸ ਪ੍ਰਕਾਸ਼ ਸ੍ਰੀਵਾਸਤਵਾ ਚੇਅਰਪਰਸਨ, ਜਸਟਿਸ ਅਰੁਨ ਕੁਮਾਰ ਤਿਆਗੀ ਜੁਡੀਸ਼ੀਅਲ ਮੈਂਬਰ ਅਤੇ ਡਾ. ਅਫਰੋਜ਼ ਅਹਿਮਦ ਦੇ ਬੈਂਚ ਵੱਲੋਂ ਜਾਰੀ ਹੁਕਮਾਂ ਵਿਚ ਮਾਲਬਰੋਜ਼ ਸ਼ਰਾਬ ਫੈਕਟਰੀ ਜ਼ੀਰਾ ਨੂੰ ਬੰਦ ਕਰਨ ਅਤੇ ਇਕ ਹਿੱਸਾ ਢਾਹੁਣ ਲਈ ਆਖਿਆ ਹੈ। ਦੱਸਣਯੋਗ ਹੈ ਕਿ ਸ਼ਰਾਬ ਫੈਕਟਰੀ ਬੰਦ ਕਰਵਾਉਣ ਲਈ ਸਾਂਝਾ ਮੋਰਚਾ ਬਣਾਇਆ ਗਿਆ ਸੀ ਅਤੇ ਕਈ ਮਹੀਨੇ ਤੱਕ ਸ਼ਰਾਬ ਫੈਕਟਰੀ ਦੇ ਬਾਹਰ ਮੋਰਚੇ ਵੱਲੋਂ ਧਰਨਾ ਲਗਾਈ ਰੱਖਿਆ ਗਿਆ। ਜਿਸ ਤੋਂ ਬਾਅਦ ਪੰਜਾਬ ਸਰਕਾਰ ਨੇ ਫੈਕਟਰੀ ਖ਼ਿਲਾਫ਼ ਸਖ਼ਤ ਹੁਕਮ ਜਾਰੀ ਕਰਦਿਆਂ ਬੰਦ ਕਰਵਾ ਦਿੱਤਾ। ਦੂਜੇ ਪਾਸੇ ਵਕੀਲਾਂ ਨੇ ਅਦਾਲਤ 'ਚ ਦੱਸਿਆ ਕਿ ਡਿਸਟਿਲਰੀ ਪਲਾਂਟ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਜਾਵੇਗਾ ਅਤੇ ਇਸ ਗੱਲ ਦਾ ਖਿਆਲ ਰੱਖਿਆ ਜਾਵੇਗਾ ਕਿ ਹੁਕਮਾਂ ਦੀ ਇਨਬਿੰਨ ਪਾਲਣਾ ਹੋਵੇ।




# ਭਤੀਜੇ ਨੇ ਹੀ ਕੀਤਾ ਕਾਤਲਾਨਾ ਹਮਲਾ

# ਸਾਬਕਾ ਵਿਧਾਇਕ ਸਿਰਮਜੀਤ ਬੈਂਸ 'ਤੇ ਚੱਲੀਆਂ ਗੋਲੀਆਂ

**ਲੁਧਿਆਣਾ, 13 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸਾਬਕਾ ਵਿਧਾਇਕ ਸਿਮਰਜੀਤ ਬੈਂਸ ਦੀ ਗੱਡੀ ਤੇ ਗੋਲ਼ੀਆਂ ਚੱਲਣ ਦਾ ਮਾਮਲਾ ਸਾਹਮਣੇ ਆਇਆ ਹੈ। ਸ਼ੁਰੂਆਤੀ ਜਾਣਕਾਰੀ ਮੁਤਾਬਤ, ਬੈਂਸ ਦੇ ਵੱਡੇ ਭਰਾ ਦੇ ਪੁੱਤ ਨੇ ਹੀ ਉਸ ਉੱਤੇ ਗੋਲ਼ੀਆਂ ਚਲਾਈਆਂ ਹਨ। ਖੈਰੀਅਤ ਰਹੀ ਕਿ ਇਸ ਹਮਲੇ ਵਿੱਚ ਸਿਮਰਨਜੀਤ ਸਿੰਘ ਨੂੰ ਕੋਈ ਨੁਕਸਾਨ ਨਹੀਂ ਹੋਇਆ। ਇਸ ਹਮਲੇ ਤੋਂ ਬਾਅਦ ਪੁਲਿਸ ਨੇ ਮੌਕੇ ਉੱਤੇ ਪਹੁੰਚ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਅਨੁਸਾਰ ਸਾਬਕਾ ਵਿਧਾਇਕ ਅਤੇ ਉਸਦੇ ਭਰਾ ਦਾ ਆਪਸੀ ਰੌਲਾ ਚੱਲ ਰਿਹਾ ਸੀ ਅਤੇ ਦੋਵੇਂ ਅਲੱਗ ਅਲੱਗ ਰਹਿਣ ਲੱਗ ਪਏ। ਇਸੇ ਦੇ ਚੱਲਦੇ ਕਿਸੇ ਗੱਲ ਨੂੰ ਲੈਕੇ ਦੋਵੇਂ ਭਰਾਵਾਂ ਵਿੱਚ ਰੌਲਾ ਪੈ ਗਿਆ ਅਤੇ ਗੋਲੀਆਂ ਚਲਾਈਆਂ ਗਈਆਂ। ਜਾਣਕਾਰੀ ਅਨੁਸਾਰ ਹੁਣ ਕੁਝ ਪਰਿਵਾਰਿਕ ਮੇਬਰਾਂ ਨੇ ਵਿੱਚ ਆਕੇ ਰਾਜ਼ੀਨਾਮਾ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਘਟਨਾ ਦੌਰਾਨ ਸਿਮਰਜੀਤ ਸਿੰਘ ਬੈਂਸ ਕਾਰ ਤੋਂ ਬਾਹਰ ਆ ਰਹੇ ਸਨ, ਹਾਲਾਂਕਿ, ਖੁਸ਼ਿਕਸਮਤੀ ਨਾਲ ਉਨ੍ਹਾਂ ਨੂੰ ਇਸ ਘਟਨਾ ਵਿੱਚ ਕੋਈ ਸੱਟ ਨਹੀਂ ਲੱਗੀ। ਇਸ ਘਟਨਾ ਤੋਂ ਬਾਅਦ ਜਦੋਂ ਮੀਡੀਆ ਨੇ ਪਰਿਵਾਰ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪਰਿਵਾਰ ਚੁੱਪ ਰਿਹਾ, ਕੋਈ ਵੀ ਮੈਂਬਰ ਘਟਨਾ ਬਾਰੇ ਗੱਲ ਨਹੀਂ ਕਰ ਰਿਹਾ। ਇਹ ਸਾਰਾ ਮਾਮਲਾ ਕਾਂਗਰਸ ਹਾਈਕਮਾਨ ਤੱਕ ਵੀ ਪਹੁੰਚ ਗਿਆ ਹੈ ਅਤੇ ਹਾਈਕਮਾਨ ਇਸ ਪੂਰੇ ਮਾਮਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਮਾਮਲੇ ਵਿੱਚ ਜਾਣਕਾਰੀ ਦਿੰਦੇ ਹੋਏ ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਅਜੇ ਤੱਕ ਕਿਸੇ ਵੀ ਧਿਰ ਵੱਲੋਂ ਕੋਈ ਸ਼ਿਕਾਇਤ ਨਹੀਂ ਆਈ ਹੈ। ਸ਼ਿਕਾਇਤ ਮਿਲਣ ਤੋਂ ਬਾਅਦ ਹੀ ਕਾਰਵਾਈ ਕੀਤੀ ਜਾਵੇਗੀ। ਦੱਸ ਦਈਏ ਕਿ ਲੁਧਿਆਣਾ ਵਿੱਚ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੀ ਕਾਰ 'ਤੇ ਗੋਲੀਬਾਰੀ ਹੋਈ। ਇਹ ਘਟਨਾ ਥਾਣਾ ਡੇਹਲੋਂ ਦੇ ਇਲਾਕੇ ਵਿੱਚ ਉਸ ਸਮੇਂ ਵਾਪਰੀ ਜਦੋਂ ਬੈਂਸ ਆਪਣੀ ਕਾਰ ਵਿੱਚ ਆਪਣੇ ਫਾਰਮ ਹਾਊਸ ਤੋਂ ਬਾਹਰ ਜਾ ਰਹੇ ਸਨ। ਸੂਤਰਾਂ ਅਨੁਸਾਰ ਬੈਂਸ ਦਾ ਆਪਣੇ ਭਰਾ ਪਰਮਜੀਤ ਸਿੰਘ ਬੈਂਸ ਨਾਲ ਝਗੜਾ ਚੱਲ ਰਿਹਾ ਸੀ, ਇਸ ਝਗੜੇ ਕਾਰਨ ਪਰਮਜੀਤ ਦੇ ਪੁੱਤਰ ਜਗਜੋਤ ਨੇ ਸਿਮਰਜੀਤ 'ਤੇ ਗੋਲੀਆਂ ਚਲਾ ਦਿੱਤੀਆਂ।





## ਪੰਜਾਬ 'ਚ ਗੈਂਗਸਟਰਾਂ ਦਾ ਆਤੰਕ ਜਾਰੀ, ਹੁਣ ਇਸ ਮਸ਼ਹੂਰ ਡਾਕਟਰ 'ਤੇ ਹੋਈ ਫਾਇਰਿੰਗ: ਲੱਗੀਆਂ ਤਿੰਨ ਗੋਲੀਆਂ; ਹਾਲਤ ਨਾਜ਼ੁਕ...

**ਅੰਮ੍ਰਿਤਸਰ, 13 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਜ਼ਿਲ੍ਹੇ ਅੰਮ੍ਰਿਤਸਰ ਤੋਂ ਅਹਿਮ ਖਬਰ ਸਾਹਮਣੇ ਆ ਰਹੀ ਹੈ। ਦੱਸ ਦੇਈਏ ਕਿ ਜ਼ਿਲ੍ਹੇ ਦੇ ਪਿੰਡ ਸੁਧਾਰ ਵਿੱਚ ਸ਼ੁੱਕਰਵਾਰ ਨੂੰ ਇੱਕ ਡਾਕਟਰ 'ਤੇ ਸ਼ਰੇਆਮ ਗੋਲੀਬਾਰੀ ਦੀ ਘਟਨਾ ਨੇ ਦਹਿਸ਼ਤ ਫੈਲਾ ਦਿੱਤੀ। ਡਾਕਟਰ ਕੁਲਵਿੰਦਰ ਸਿੰਘ ਆਪਣੇ ਹਸਪਤਾਲ ਵਿੱਚ ਸੀ ਜਦੋਂ ਦੋ ਨੌਜਵਾਨ ਦਵਾਈ ਲੈਣ ਦੇ ਬਹਾਨੇ ਦਾਖਲ ਹੋਏ ਅਤੇ ਬਿਨਾਂ ਕਿਸੇ ਚੇਤਾਵਨੀ ਦੇ ਉਨ੍ਹਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਇਸ ਹਮਲੇ ਵਿੱਚ ਡਾਕਟਰ ਨੂੰ ਤਿੰਨ ਗੋਲੀਆਂ ਲੱਗੀਆਂ, ਜਿਸ ਕਾਰਨ ਉਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਉਨ੍ਹਾਂ ਨੂੰ ਤੁਰੰਤ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਜਾਣਕਾਰੀ ਅਨੁਸਾਰ, ਡਾਕਟਰ ਨੂੰ ਪਹਿਲਾਂ ਵੀ ਫਿਰੌਤੀ ਦੀਆਂ ਧਮਕੀਆਂ ਮਿਲ ਰਹੀਆਂ ਸਨ। ਦੋ ਮਹੀਨੇ ਪਹਿਲਾਂ ਵੀ ਉਨ੍ਹਾਂ ਦੇ ਹਸਪਤਾਲ ਦੇ ਬਾਹਰ ਗੋਲੀਬਾਰੀ ਹੋਈ ਸੀ, ਜਿਸ ਤੋਂ ਬਾਅਦ ਪੁਲਿਸ ਨੇ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਡਾਕਟਰ ਨੂੰ ਸੁਰੱਖਿਆ ਲਈ ਇੱਕ ਗੰਨਮੈਨ ਵੀ ਦਿੱਤਾ ਗਿਆ ਸੀ। ਹਾਲਾਂਕਿ, ਇਸ ਘਟਨਾ ਸਮੇਂ ਗੰਨਮੈਨ ਡਿਊਟੀ 'ਤੇ ਮੌਜੂਦ ਨਹੀਂ ਸੀ, ਜਿਸ ਕਾਰਨ ਸੁਰੱਖਿਆ ਪ੍ਰਣਾਲੀ 'ਤੇ ਸਵਾਲ ਖੜ੍ਹੇ ਹੋ ਰਹੇ ਹਨ। ਪੁਲਿਸ ਨੇ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਰਾਮਦਾਸ ਥਾਣਾ ਇੰਚਾਰਜ ਅਜੈਪਾਲ ਸਿੰਘ ਨੇ ਕਿਹਾ ਕਿ ਦੋਵਾਂ ਹਮਲਾਵਰਾਂ ਦੀ ਭਾਲ ਜਾਰੀ ਹੈ ਅਤੇ ਪੂਰੇ ਨੈੱਟਵਰਕ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ। ਘਟਨਾ ਦੀ ਸੀਸੀਟੀਵੀ ਫੁਟੇਜ ਵੀ ਸਾਹਮਣੇ ਆਈ ਹੈ, ਜਿਸ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਦੋ ਨੌਜਵਾਨ ਦਵਾਈ ਮੰਗਦੇ ਹੋਏ ਅੰਦਰ ਆਉਂਦੇ ਹਨ ਅਤੇ ਫਿਰ ਪਿਸਤੌਲ ਕੱਢ ਕੇ ਗੋਲੀਆਂ ਚਲਾਉਣਾ ਸ਼ੁਰੂ ਕਰ ਦਿੰਦੇ ਹਨ। ਇਸ ਘਟਨਾ ਨੇ ਇਲਾਕੇ ਵਿੱਚ ਸਨਸਨੀ ਫੈਲਾ ਦਿੱਤੀ ਹੈ ਅਤੇ ਡਾਕਟਰਾਂ ਦੀ ਸੁਰੱਖਿਆ 'ਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ। ਪੁਲਿਸ ਪ੍ਰਸ਼ਾਸਨ ਪੂਰੇ ਮਾਮਲੇ ਨੂੰ ਗੰਭੀਰਤਾ ਨਾਲ ਦੇਖ ਰਿਹਾ ਹੈ ਅਤੇ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਫੜਨ ਦਾ ਦਾਅਵਾ ਕੀਤਾ ਹੈ।

## ਮੁੱਖ ਮੰਤਰੀ ਭਗਵੰਤ ਮਾਨ ਦਾ ਪੰਜਾਬੀਆਂ ਲਈ ਵੱਡਾ ਐਲਾਨ, ਮੁਫ਼ਤ 'ਚ ਹੋਣਗੇ ਆਹ ਸਾਰੇ ਕੰਮ

**ਚੰਡੀਗੜ੍ਹ, 13 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਲਈ ਵੱਡੇ ਐਲਾਨ ਕੀਤੇ ਗਏ ਹਨ। ਉਨ੍ਹਾਂ ਨੇ ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਹੁਤ ਸਾਰੇ ਇਲਾਕਿਆਂ 'ਚੋਂ ਹੜ੍ਹਾਂ ਦਾ ਪਾਣੀ ਉਤਰ ਗਿਆ ਹੈ ਅਤੇ ਜਨ-ਜੀਵਨ ਨੂੰ ਲੀਹ 'ਤੇ ਲਿਆਉਣ ਲਈ ਅਸੀਂ ਵੱਡੇ ਪੱਧਰ 'ਤੇ ਸਫ਼ਾਈ ਮੁਹਿੰਮ ਸ਼ੁਰੂ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਹਰੇਕ ਪਿੰਡ 'ਚ ਇਕ ਜੇ.ਸੀ.ਬੀ., ਟਰੈਕਟਰ-ਟਰਾਲੀ ਅਤੇ ਲੇਬਰ ਦਾ ਪ੍ਰਬੰਧ ਸਰਕਾਰ ਵਲੋਂ ਕੀਤਾ ਜਾਵੇਗਾ। ਜੋ ਵੀ ਹੜ੍ਹਾਂ ਨਾਲ ਰੁੜ੍ਹ ਕੇ ਆਇਆ ਹੈ, ਉਸ ਮਲਬੇ ਨੂੰ ਸਾਫ਼ ਕੀਤਾ ਜਾਵੇਗਾ। ਇਸ ਤੋਂ ਬਾਅਦ ਹਰੇਕ ਪਿੰਡ 'ਚ ਫੌਗਿੰਗ ਕਰਵਾਈ ਜਾਵੇਗੀ ਤਾਂ ਜੋ ਕੋਈ ਬੀਮਾਰੀ ਨਾ ਫੈਲੇ। ਇਸ ਮੁਹਿੰਮ ਲਈ ਸਰਕਾਰ ਨੇ 100 ਕਰੋੜ ਰੁਪਿਆ ਰੱਖਿਆ ਹੈ, ਜਿਹਦੇ 'ਚੋਂ ਇਕ-ਇਕ ਲੱਖ ਪਿੰਡਾਂ ਨੂੰ ਟੋਕਨ ਦੇ ਤੌਰ 'ਤੇ ਦਿੱਤਾ ਜਾਵੇਗਾ ਅਤੇ ਜਿਵੇਂ-ਜਿਵੇਂ ਲੋੜ ਪਵੇਗੀ, ਪਿੰਡਾਂ ਨੂੰ ਪੈਸੇ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਸਾਫ਼-ਸਫ਼ਾਈ ਦਾ ਸਾਰਾ ਖ਼ਰਚਾ ਪੰਜਾਬ ਸਰਕਾਰ ਵਲੋਂ ਕੀਤਾ ਜਾਵੇਗਾ ਅਤੇ 24-25 ਸਤੰਬਰ ਤੱਕ ਮਿੱਟੀ ਅਤੇ ਮਲਬੇ ਨੂੰ ਸਾਫ਼ ਕਰਨ ਦਾ ਕੰਮ ਨਿਬੇੜ ਲਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ 15 ਅਕਤੂਬਰ ਤੱਕ ਪਿੰਡਾਂ ਦੀਆਂ ਸਾਰੀਆਂ ਸਾਂਝੀਆਂ ਥਾਵਾਂ ਨੂੰ ਸਾਫ਼ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਸੀਂ ਇਕਜੁੱਟ ਹੋ ਕੇ ਕੁਦਰਤੀ ਆਫ਼ਤ ਦੇ ਖ਼ਿਲਾਫ਼ ਲੜੇ ਹਾਂ ਅਤੇ ਹੁਣ ਵੀ ਮੁੜ ਕੇ ਪੰਜਾਬ ਨੂੰ ਖੜ੍ਹਾ ਕਰਨਾ ਹੈ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿਸਰਕਾਰ ਵਲੋਂ ਸਾਰੇ ਪ੍ਰਭਾਵਿਤ 2300 ਪਿੰਡਾਂ 'ਚ ਮੈਡੀਕਲ ਕੈਂਪ ਲਾਏ ਜਾਣਗੇ। 1707 ਪਿੰਡਾਂ 'ਚ ਸਾਂਝੀਆਂ ਥਾਵਾਂ 'ਤੇ ਜਿੱਥੇ ਪਿੰਡ ਵਾਲੇ ਕਹਿਣਗੇ, ਉੱਥੇ ਮੈਡੀਕਲ ਸਟਾਫ਼ ਅਤੇ ਡਾਕਟਰ ਹਰ ਸਮੇਂ ਮੁਹੱਈਆ ਰਹਿਣਗੇ। 550 ਐਂਬੂਲੈਂਸਾਂ ਸਰਕਾਰ ਵਲੋਂ ਮੁਹੱਈਆ ਕਰਵਾਈਆਂ ਜਾਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ 713 ਪਿੰਡਾਂ 'ਚ ਕਰੀਬ ਢਾਈ ਲੱਖ ਦੇ ਆਸ-ਪਾਸ ਪਸ਼ੂ ਹੜ੍ਹਾਂ ਤੋਂ ਪ੍ਰਭਾਵਿਤ ਹਨ। ਉਨ੍ਹਾਂ ਨੂੰ ਬੀਮਾਰੀਆਂ ਤੋਂ ਬਚਾਉਣ ਲਈ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ। ਸਰਕਾਰ ਨੇ ਹਰੇਕ ਪਿੰਡ 'ਚ ਵੈਟਰਨਰੀ ਡਾਕਟਰਾਂ ਦੀ ਟੀਮ ਤਾਇਨਾਤ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਝੋਨਾ 15 ਦਿਨ ਪਹਿਲਾਂ ਹੀ ਮੰਡੀਆਂ 'ਚ ਆਉਣਾ ਸ਼ੁਰੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਸਰਕਾਰੀ ਖ਼ਰੀਦ 16 ਸਤੰਬਰ ਤੋਂ ਸ਼ੁਰੂ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਮੈਨੂੰ ਯਕੀਨ ਹੈ ਕਿ ਅਸੀਂ ਇਸ ਸੰਕਟ 'ਚੋਂ ਬੜੀ ਜਲਦੀ ਨਿਕਲ ਕੇ ਆਪਣੇ ਆਮ ਹਾਲਾਤਾਂ 'ਚ ਆ ਜਾਵਾਂਗੇ। ਉਨ੍ਹਾਂ ਕਿਹਾ ਕਿ ਜਿਹੜਾ ਸਰਕਾਰੀ ਤੰਤਰ ਦਾ ਨੁਕਸਾਨ ਹੋਇਆ ਹੈ, ਉਸ ਦਾ ਕੰਮ ਪਹਿਲਾਂ ਹੀ ਚੱਲ ਰਿਹਾ ਹੈ। ਪਸ਼ੂਆਂ ਅਤੇ ਇਨਸਾਨਾਂ 'ਚ ਕਿਸੇ ਤਰ੍ਹਾਂ ਦੀ ਬੀਮਾਰੀ ਨਾ ਫੈਲੇ, ਇਸ ਲਈ ਟੀਕਾਕਰਨ ਸ਼ੁਰੂ ਹੋ ਚੁੱਕਾ ਹੈ ਅਤੇ ਮੈਡੀਕਲ ਕੈਂਪ ਸ਼ੁਰੂ ਹੋ ਚੁੱਕੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਕਿਸੇ ਨੂੰ ਸਿਹਤ ਸਬੰਧੀ ਕੋਈ ਸਮੱਸਿਆ ਆ ਰਹੀ ਹੈ ਤਾਂ ਉਹ ਲੋਕਲ ਅਧਿਕਾਰੀਆਂ ਨਾਲ ਸੰਪਰਕ ਕਰੇ।



## ਹੁਸ਼ਿਆਰਪੁਰ 'ਚ ਜਵਾਕ ਦੇ ਕਤਲ ਦਾ ਮਾਮਲਾ ਗਰਮਾਇਆ, ਸੜਕਾਂ 'ਤੇ ਉਤਰੇ ਲੋਕ




**ਹੁਸ਼ਿਆਰਪੁਰ, 13 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਹੁਸ਼ਿਆਰਪੁਰ ਵਿੱਚ ਇਕ ਪ੍ਰਵਾਸੀ ਵੱਲੋਂ ਪੰਜ ਸਾਲ ਬੱਚੇ ਦਾ ਦਰਿੰਦਗੀ ਨਾਲ ਕੀਤੇ ਗਏ ਕਤਲ ਦੇ ਵਿਰੋਧ ਵਿੱਚ ਅੱਜ ਟਾਂਡਾ ਵਿਖੇ ਸਮੂਹ ਸਿੱਖ ਕਿਸਾਨ ਅਤੇ ਸਮਾਜਿਕ ਜਥੇਬੰਦੀਆਂ ਵੱਲੋਂ ਇਕ ਪਲੇਟਫਾਰਮ 'ਤੇ ਇਕੱਠੇ ਹੁੰਦੇ ਹੋਏ ਵਿਸ਼ਾਲ ਰੋਸ ਮਾਰਚ ਕੱਢਿਆ ਗਿਆ। ਇਥੇ ਇਹ ਵੀ ਦੱਸ ਦੇਈਏ ਕਿ ਇਸ ਮਾਮਲੇ ਵਿਚ ਨਿਹੰਗ ਅੰਮ੍ਰਿਤਪਾਲ ਮਹਿਰੋਂ ਨੇ ਮ੍ਰਿਤਕ ਬੱਚੇ ਦੇ ਪਰਿਵਾਰ ਨਾਲ ਵੀਡੀਓ ਕਾਲ 'ਤੇ ਗੱਲਬਾਤ ਵੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਤੁਹਾਨੂੰ ਇਨਸਾਫ਼ ਨਹੀਂ ਮਿਲਿਆ ਤਾਂ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਪੁਲਸ ਦੀ ਕਾਰਵਾਈ 'ਤੇ ਭਰੋਸਾ ਰੱਖੋ, ਜੋ ਠੋਸ ਕਾਰਵਾਈ ਨਾ ਹੋਈ ਤਾਂ ਅਸੀਂ ਆਪਣੇ ਹਿਸਾਬ ਨਾਲ ਇਨਸਾਫ਼ ਦੇਵਾਂਗੇ। ਇਹ ਵੀ ਜਾਣਕਾਰੀ ਮਿਲੀ ਹੈ ਕਿ ਹੁਸ਼ਿਆਰਪੁਰ ਵਿਚ ਕੀਤੇ ਜਾ ਰਹੇ ਵਿਰੋਧ ਪ੍ਰਦਰਸ਼ਨ ਨੂੰ ਲੈ ਕੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਜਾਵੇ, ਇਸ ਦੇ ਲਈ ਬੀ. ਐੱਸ. ਐੱਫ਼. ਦੀ ਵੀ ਤਾਇਨਾਤੀ ਕੀਤੀ ਗਈ ਹੈ। ਦਾਣਾ ਮੰਡੀ ਟਾਂਡਾ ਤੋਂ ਆਰੰਭ ਹੋਏ ਰੋਸ ਮਾਰਚ ਵਿੱਚ ਆਵਾਜ਼-ਏ-ਕੌਮ, ਰਾਜ ਕਰੇਗਾ ਖਾਲਸਾ ਗਤਕਾ ਅਖਾੜਾ ਟਾਂਡਾ, ਮਿਸਲ ਪੰਜ ਆਬ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਧੰਨ-ਧੰਨ ਬਾਬਾ ਬੁੱਢਾ ਸਾਹਿਬ ਗ੍ਰੰਥੀ ਸਭਾ ਪੰਜਾਬ, ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੋਸਾਇਟੀ ਟਾਂਡਾ, ਸ਼ਿਵ ਸੈਨਾ ਪੰਜਾਬ, ਬੀਕੇ.ਯੂ ਦੋਆਬਾ ਗੜ੍ਹਦੀਵਾਲ, ਬੀ. ਕੇ. ਯੂ. ਆਜ਼ਾਦ ਪੰਜਾਬ, ਬੀ. ਕੇ. ਯੂ. ਲਾਚੋਵਾਲ, ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਮੂਨਕ ਖ਼ੁਰਦ ਅਤੇ ਹੋਰਨਾ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਇਸ ਮੌਕੇ ਸੰਬੋਧਨ ਕਰਦੇ ਹੋਏ ਭਾਈ ਗੁਰਪ੍ਰੀਤ ਸਿੰਘ ਖਾਲਸਾ, ਕਿਸਾਨ ਆਗੂ ਅਮਰਜੀਤ ਸਿੰਘ ਰੜਾ, ਜਥੇਦਾਰ ਮਨਜੀਤ ਸਿੰਘ ਖਾਲਸਾ, ਮਾਸਟਰ ਕੁਲਦੀਪ ਸਿੰਘ ਮਸੀਤੀ, ਨੋਵਲਜੀਤ ਸਿੰਘ ਬੱਲੋਵਾਲ, ਸ਼ਿਵ ਸੈਨਾ ਪੰਜਾਬ ਤੋਂ ਮਿੱਕੀ ਪੰਡਿਤ, ਵਿਕਾਸ ਜਸਰਾ, ਅਕਬਰ ਸਿੰਘ ਬੂਰੇ ਜੱਟਾਂ ਅਤੇ ਹੋਰਨਾ ਨੁਮਾਇੰਦਿਆਂ ਨੇ ਹੁਸ਼ਿਆਰਪੁਰ ਵਿੱਚ ਪ੍ਰਵਾਸੀ ਮਜ਼ਦੂਰ ਵੱਲੋਂ ਪੰਜ ਸਾਲਾ ਬੱਚੇ ਦਾ ਦਰਿੰਦਗੀ ਨਾਲ ਕੀਤੇ ਗਏ ਕਤਲ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੇ ਅਤੇ ਦੋਸ਼ੀ ਮੁਲਜ਼ਮ ਨੂੰ ਫਾਂਸੀ ਦੀ ਸਜ਼ਾ ਦੇਣ ਦੀ ਮੰਗ ਕੀਤੀ। ਇਸ ਮੌਕੇ ਜਥੇਬੰਦੀ ਦੇ ਨੁਮਾਇੰਦਿਆਂ ਨੇ ਮੰਗ ਕੀਤੀ ਕਿ ਪ੍ਰਵਾਸੀ ਲੋਕਾਂ ਦਾ ਪੰਜਾਬ ਵਿੱਚ ਵਧ ਰਹੇ ਪ੍ਰਵਾਸ ਨੂੰ ਰੋਕਿਆ ਜਾਵੇ ਪ੍ਰਵਾਸੀਆਂ ਵੱਲੋਂ ਨਜਾਇਜ਼ ਕਬਜ਼ੇ ਕਰਕੇ ਚਲਾਏ ਜਾ ਰਹੇ ਕਾਰੋਬਾਰ ਬੰਦ ਕਰਵਾ ਕੇ ਪੰਜਾਬ ਦੇ ਨੌਜਵਾਨਾਂ ਨੂੰ ਕਾਰੋਬਾਰ ਸ਼ੁਰੂ ਕਰਵਾਏ ਜਾਣ, ਪਰਵਾਸੀਆਂ ਦੇ ਆਧਾਰ ਕਾਰਡ ਬਣਾਉਣ ਤੇ ਰੋਕ ਲਗਾਈ ਜਾਵੇ।

## ਯੂ.ਕੇ. 'ਚ ਭਾਰਤੀ ਮੂਲ ਦੀ ਕੁੜੀ ਨਾਲ ਸਮੂਹਿਕ ਬਲਾਤਕਾਰ, ਦੇਸ਼ ਛੱਡਣ ਦੀਆਂ ਧਮਕੀਆਂ

**ਲੰਡਨ, 13 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਵਿਦੇਸ਼ਾਂ ਵਿੱਚ ਭਾਰਤੀਆਂ ਖਿਲਾਫ ਨਸਲੀ ਹਮਲੇ ਲਗਾਤਾਰ ਵਧਦੇ ਜਾ ਰਹੇ ਹਨ। ਹੁਣ ਤਾਜ਼ਾ ਮਾਮਲਾ ਯੂਕੇ ਤੋਂ ਸਾਹਮਣੇ ਆਇਆ ਹੈ। ਯੂਕੇ ਦੇ ਓਲਡਬਰੀ ਪਾਰਕ ਵਿੱਚ ਭਾਰਤੀ ਮੂਲ ਦੀ ਕੁੜੀ 'ਤੇ ਨਸਲੀ ਹਮਲੇ ਤੇ ਸਮੂਹਿਕ ਬਲਾਤਕਾਰ ਦੀ ਘਟਨਾ ਸਾਹਮਣੇ ਆਈ ਹੈ। ਮੰਗਲਵਾਰ ਸਵੇਰੇ ਲਗਪਗ 8:30 ਵਜੇ ਦਿਨ-ਦਿਹਾੜੇ ਇੱਕ 20 ਸਾਲਾ ਸਿੱਖ ਕੁੜੀ ਨਾਲ ਬਲਾਤਕਾਰ ਕੀਤਾ ਗਿਆ। ਇਹ ਹਮਲਾ ਨਾ ਸਿਰਫ਼ ਇੱਕ ਜਿਨਸੀ ਅਪਰਾਧ ਸੀ, ਸਗੋਂ ਇਸ ਵਿੱਚ ਨਸਲੀ ਟਿੱਪਣੀਆਂ ਵੀ ਸ਼ਾਮਲ ਸਨ, ਜਿਸ ਕਾਰਨ ਪੁਲਿਸ ਨਸਲੀ ਹਮਲੇ ਦੇ ਆਧਾਰ 'ਤੇ ਇਸ ਦੀ ਜਾਂਚ ਕਰ ਰਹੀ ਹੈ। ਲੜਕੀ ਨੇ ਪੁਲਿਸ ਨੂੰ ਦੱਸਿਆ ਕਿ ਘਟਨਾ ਦੌਰਾਨ ਹਮਲਾਵਰਾਂ ਨੇ ਉਸ ਨੂੰ ਕਿਹਾ ਕਿ ਆਪਣੇ ਦੇਸ਼ ਵਾਪਸ ਚਲੇ ਜਾਓ, ਤੁਹਾਡਾ ਇਸ ਦੇਸ਼ 'ਤੇ ਕੋਈ ਹੱਕ ਨਹੀਂ। ਪੀੜਤਾ ਦੇ ਬਿਆਨ ਸਾਹਮਣੇ ਆਉਣ ਤੋਂ ਬਾਅਦ ਇਲਾਕੇ ਵਿੱਚ ਗੁੱਸੇ ਤੇ ਚਿੰਤਾ ਦਾ ਮਾਹੌਲ ਹੈ। ਹਾਸਲ ਜਾਣਕਾਰੀ ਅਨੁਸਾਰ ਹੁਣ ਤੱਕ ਦੀ ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਘਟਨਾ ਵਿੱਚ ਦੋ ਲੋਕ ਸ਼ਾਮਲ ਸਨ। ਪੁਲਿਸ ਅਨੁਸਾਰ ਅਪਰਾਧ ਕਰਨ ਵਾਲੇ ਦੋਵੇਂ ਦੋਸ਼ੀ ਗੋਰੇ (ਬ੍ਰਿਟਿਸ਼) ਸਨ। ਇੱਕ ਸ਼ੱਕੀ ਥੋੜ੍ਹਾ ਭਾਰੇ ਸਰੀਰ ਵਾਲਾ ਸੀ ਤੇ ਉਸ ਦਾ ਸਿਰ ਮੁੰਨਿਆ ਹੋਇਆ ਸੀ। ਉਸ ਨੇ ਕਾਲੀ ਸਵੈਟ-ਸ਼ਰਟ ਤੇ ਦਸਤਾਨੇ ਪਾਏ ਹੋਏ ਸਨ। ਦੂਜੇ ਸ਼ੱਕੀ ਨੇ ਚਾਂਦੀ ਦੀ ਜ਼ਿਪ ਵਾਲਾ ਸਲੇਟੀ ਰੰਗ ਦਾ ਟੌਪ ਪਾਇਆ ਹੋਇਆ ਸੀ। ਪੁਲਿਸ ਨੇ ਸੀਸੀਟੀਵੀ ਦੇ ਆਧਾਰ 'ਤੇ ਇਸ ਦਿੱਖ ਦੀ ਪਛਾਣ ਕੀਤੀ ਹੈ। ਇਸ ਮਾਮਲੇ ਵਿੱਚ ਵੈਸਟ ਮਿਡਲੈਂਡਜ਼ ਪੁਲਿਸ ਨੇ ਸੀਸੀਟੀਵੀ ਫੁਟੇਜ ਨੂੰ ਸਕੈਨ ਕਰਨ ਦਾ ਦਾਇਰਾ ਤੇਜ਼ ਕਰ ਦਿੱਤਾ ਹੈ। ਫੋਰੈਂਸਿਕ ਟੀਮਾਂ ਮਾਮਲੇ ਦੀ ਜਾਂਚ ਕਰ ਰਹੀਆਂ ਹਨ। ਪੁਲਿਸ ਬੁਲਾਰੇ ਨੇ ਕਿਹਾ ਕਿ ਉਹ ਜਾਣਦੇ ਹਨ ਕਿ ਇਸ ਘਟਨਾ ਨੇ ਸਥਾਨਕ ਭਾਈਚਾਰੇ ਵਿੱਚ ਗੁੱਸਾ ਤੇ ਡਰ ਪੈਦਾ ਕੀਤਾ ਹੈ। ਅਸੀਂ ਪੀੜਤ ਨੂੰ ਇਨਸਾਫ਼ ਦਿਵਾਉਣ ਤੇ ਦੋਸ਼ੀਆਂ ਨੂੰ ਫੜਨ ਲਈ ਹਰ ਸੰਭਵ ਕਦਮ ਚੁੱਕ ਰਹੇ ਹਾਂ। ਯੂਕੇ ਸਿੱਖ ਫੈਡਰੇਸ਼ਨ ਨੇ ਇਸ ਪੂਰੀ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ ਤੇ ਇਸ ਮਾਮਲੇ ਵਿੱਚ ਸਰਕਾਰ ਤੋਂ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ। ਫੈਡਰੇਸ਼ਨ ਦੇ ਮੁੱਖ ਕਾਰਜਕਾਰੀ ਦਵਿੰਦਰਜੀਤ ਸਿੰਘ ਨੇ ਕਿਹਾ ਕਿ ਅਸੀਂ ਸਾਰੀਆਂ ਰਾਜਨੀਤਕ ਪਾਰਟੀਆਂ ਤੋਂ ਇਸ ਵਹਿਸ਼ੀ ਹਮਲੇ ਦੀ ਜਨਤਕ ਨਿੰਦਾ ਦੀ ਮੰਗ ਕਰਦੇ ਹਾਂ। ਇਸ ਦੇ ਨਾਲ ਹੀ ਯੂਕੇ ਵਿੱਚ ਰਹਿਣ ਵਾਲੇ ਸਿੱਖਾਂ ਨੂੰ ਭਵਿੱਖ ਵਿੱਚ ਸਾਵਧਾਨ ਰਹਿਣ ਲਈ ਕਿਹਾ ਗਿਆ ਹੈ। ਫੈਡਰੇਸ਼ਨ ਦੇ ਮੁੱਖ ਕਾਰਜਕਾਰੀ ਦਵਿੰਦਰਜੀਤ ਸਿੰਘ ਨੇ ਕਿਹਾ ਕਿ ਇਹ ਹਮਲਾ ਇੱਕ ਵਿਅਸਤ ਸੜਕ 'ਤੇ ਦਿਨ-ਦਿਹਾੜੇ ਹੋਇਆ ਤੇ ਹੁਣ ਤੱਕ ਕਿਸੇ ਵੀ ਸਿਆਸਤਦਾਨ ਨੇ ਇਸ ਵਹਿਸ਼ੀ ਨਸਲੀ ਤੇ ਜਿਨਸੀ ਹਮਲੇ ਦੀ ਜਨਤਕ ਤੌਰ 'ਤੇ ਨਿੰਦਾ ਨਹੀਂ ਕੀਤੀ। ਉਨ੍ਹਾਂ ਮੌਜੂਦਾ ਰਾਜਨੀਤਕ ਮਾਹੌਲ ਨੂੰ ਪਾਪੂਲਿਜ਼ਮ ਤੇ ਇਮੀਗ੍ਰੇਸ਼ਨ ਵਿਰੋਧੀ ਰਾਜਨੀਤੀ ਦਾ ਨਤੀਜਾ ਦੱਸਿਆ।

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਤਾਬਦੀ ਨੂੰ ਸਮਰਪਿਤ

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵੱਲੋਂ



# ਪੰਜ ਤਖ਼ਤ ਸਾਹਿਬਾਨ

ਅਤੇ

## 32 ਤੋਂ ਵੱਧ ਹੋਰ ਇਤਿਹਾਸਕ ਗੁਰਧਾਮਾਂ ਦੀ ਯਾਤਰਾ

29 ਅਕਤੂਬਰ ਤੋਂ 8 ਨਵੰਬਰ 2025 ਅਤੇ 15 ਫਰਵਰੀ 2026 ਤੋਂ 25 ਫਰਵਰੀ 2026

ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਂਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ਲਗਜਰੀ ਹੋਟਲਾਂ 'ਚ ਸਟੇਅ
- ਲਗਜ਼ਰੀ ਏ. ਸੀ. ਕੋਚ
- ਡੋਮੈਸਟਿਕ ਫਲਾਈਟਾਂ
- ਗਾਈਡ
- ਯਾਤਰਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੰਡੀਆ 'ਚ ਸਟੇਅ ਕੀਤਾ ਜਾ ਸਕਦਾ ਹੈ।
- ਪਹਿਲਾ ਅਤੇ ਅੰਤਿਮ ਪੜਾਅ ਜਲੰਧਰ ਵਿਖੇ।

★ ਸੰਪਰਕ ★


ਭਾਈ ਰਘਵੀਰ ਸਿੰਘ
+44 7976 210161




CROWN
INTERIOR DESIGN
DESIGN - MANUFACTURING SUPPLY AND FITTING
Follow us on :
DEALS IN :
ਆਵਾਜ਼ਿ ਕੌਮ AWAZE QAUM
International Newspaper & WEB TV
Kitchens
Bedrooms
Media Wall
Loft
Wardrobes & Sliding Doors
Dressing Table
Study Room
Bar
All Inclusive Free Measurement
Design & Quotes
07878947025, 07588 336444
info@crowninteriordesigns.com
Unit 86, Imex Trading Estate, Upper Villiers Street
Wolverhampton, WV2 4XA
SCAN HERE FOR WEBSITE


SCAN HERE FOR WEBSITE
Follow us on :
CROWN
INTERIOR DESIGN
DESIGN - MANUFACTURING SUPPLY AND FITTING
07878947025, 07588 336444
info@crowninteriordesigns.com
Unit 86, Imex Trading Estate, Upper Villiers Street
Wolverhampton, WV2 4XA
ਆਵਾਜ਼ਿ ਕੌਮ
AWAZE QAUM
International Newspaper & WEB TV

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਨਾਮ ਜਪੋ
ਕਿਰਤ ਕਰੋ
ਵੰਡ ਛਕੋ

ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net

Naam Japo
Kirat Karo
Vand Shako

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA
WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ - ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਨੌਵੇ ਪਾਤਸ਼ਾਹ ਧੰਨ-ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ
350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ
ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ
ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ
ਮਾਤਾ ਸਾਹਿਬ ਕੌਰ ਜੀ

# ਗੁਰਮਤਿ ਸਮਾਗਮ



ਸੰਤ ਜਰਨੈਲ ਸਿੰਘ ਜੀ ਖਾਲਸਾ
ਭਿੰਡਰਾਂ ਵਾਲੇ

1 ਨਵੰਬਰ 2025, ਦਿਨ ਸ਼ਨੀਵਾਰ ਨੂੰ
ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਨੋਟ : ਇਹ ਸਮਾਗਮ 13 ਦਿਨ ਚੱਲੇਗਾ ਦੇਸ਼-ਵਿਦੇਸ਼ ਤੋਂ ਸੰਗਤਾਂ ਪਹੁੰਚ ਰਹੀਆ।
ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404


ਸੰਪਰਕ ਨੰਬਰ
98141-27470
84278-66404
73408-35137

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★






SANJHA PUNJAB

VEG & NON-VEG INDIAN

TAKE AWAY MENU

0116 291 1565
075 9999 5787

47 BELGRAVE ROAD
LEICESTER LE4 6AR

visit us : www.sanjhapunjab.co.uk
email: sanjha47@hotmail.com

SANJHA PUNJAB

VEG & NON-VEG INDIAN

0116 291 1565

visit us : www.sanjhapunjab.co.uk
email: sanjha47@hotmail.com

ALLERGY ADVICE !!

Please ask a member of staff if you have any food intolerance or allergies.

ਆਵਾਜ਼ਿ ਕੌਮ AWAZE QAUM
International Newspaper & WEB TV


ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ
ਆਵਾਜ਼ਿ ਕੌਮ AWAZE QAUM TV
AWAZE QAUM TOURS & TRAVELS
ORGANISE
PANJ TAKHAT YATRA
ਪੰਜ ਤਖ਼ਤ ਦਰਸ਼ਨ ਯਾਤਰਾ
( FROM 15th FEB 2026 TO 25th FEB 2026 )
10 Nights 11 Days Tour From 15th Feb 2026 to 25th Feb 2026
AKAL TAKHAT SAHIB & 5 OTHER PLACES | HYDRABAD & 2 OTHER PLACES
HAZUR SAHIB & 8 OTHER GURUDWARAS | PATNA SAHIB & 5 OTHER GURUDWARA
CHANDIGARH & SUKHNA LAKE | ANANDPUR SAHIB & 4 OTHER GURUDWARAS
DAMDAMA SAHIB & 3 OTHER GURUDWARAS
Luxury Hotel with Breakfast & Dinner
Luxury Air-conditioned Coaches
Domestic Flights
Guide
Flexibility to stay in India before & after the trip*
Starting and Ending Point at Jalandhar
NOTE: TO BOOK DEPOSIT £600 AS AN ADVANCE INTO THE MENTIONED BANK ACCOUNT
BALANCE AMOUNT NEED TO BE DEPOSITED 2 WEEKS BEFORE THE TRAVEL DATE
Account Name RAGHBIR SINGH
Bank Name HALIFAX
Sort Code 11-08-07
Account Number 00516474
ADVICE
REQUEST TO ALL SANGAT TO HAVE YOUR OWN TRAVEL INSURANCE INDIVIDUALLY !
FOR MORE INFO CONTACT
RAGHBIR SINGH
(CALL +44 7458 381111, +44 7976 210161)
PARAMJIT SHERGILL +44 7858 198159
INDERJIT KAUR +44 7883 635835
KULVINDER MANN +44 7900 982906
121, BROADWAY WEST WALSALL, WEST MIDLANDS, WS1 4DW, ENGLAND UK


ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ, ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਗੁਰਤਗੱਦੀ ਦਿਵਸ, ਮਾਤਾ ਸਾਹਿਬ ਕੌਰ ਜੀ ਦਾ ਜਨਮ ਦਿਹਾੜਾ, ਭਾਈ ਮਤੀ ਦਾਸ, ਭਾਈ ਸਤੀ ਰਾਮ, ਭਾਈ ਦਿਆਲ ਦਾਸ, ਭਾਈ ਜੈਤਾ ਅਤੇ ਭਾਈ ਲੱਖੀ ਸ਼ਾਹ ਬਨਜਾਰਾ ਨੂੰ ਸਮਰਪਿਤ
29ਵਾਂ
ਸਲਾਨਾ ਗੁਰਮਤਿ ਸਮਾਗਮ
ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਗੁਰਦੁਆਰਾ ਸ਼ਹੀਦਾਂ, ਪਿੰਡ ਜੱਸੋਵਾਲ (ਬੀਹੜਾਂ) ਬੱਬਰਾਂ ਦੇ ਹਾਈ ਕੋਰਟ
20 ਅਕਤੂਬਰ ਦਿਨ ਸੋਮਵਾਰ ਤੋਂ 1 ਨਵੰਬਰ ਦਿਨ ਸ਼ਨੀਵਾਰ ਤੱਕ 13 ਦਿਨ ਸਮਾਗਮ
ਮਿਤੀ 1 ਨਵੰਬਰ 2025 ਦਿਨ ਸ਼ਨੀਵਾਰ
ਨੂੰ ਸ਼੍ਰੀ ਅਖੰਡ ਪਾਠ ਸਾਹਿਬਾਂ ਜੀ ਦੇ ਭੋਗ ਉਪਰੰਤ ਦੀਵਾਨ ਸਜਣਗੇ ।
ਗੁਰੂ ਦੇ ਲੰਗਰ ਅਤੇ ਚਾਹ-ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ ।
1 ਨਵੰਬਰ 2025 ਦਿਨ ਸ਼ਨੀਵਾਰ ਨੂੰ
ਲੜੀ ਭੋਗ ਸ਼੍ਰੀ ਅਖੰਡ ਪਾਠ ਸਾਹਿਬ 10-00 ਵਜੇ ਸਵੇਰੇ
ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ
ਖੁੱਲ੍ਹੇ ਪੰਡਾਲ ਵਿੱਚ ਸਵੇਰੇ 10-00 ਵਜੇ ਤੋਂ ਸ਼ਾਮ 4-00 ਵਜੇ ਤੱਕ ਦੀਵਾਨ ਸਜਣਗੇ ।
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ
ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਮੁੱਖ ਬੁਲਾਰਾ ਅੰਤਰਰਾਸ਼ਟਰੀ ਇੰਟਰਨੈਸ਼ਨਲ ਪੰਥਕ ਦਲ
ਮੋ: 98141-27470, 73408-35137
ਜਾਰੀ ਕਰਤਾ :- ਜਰਨੈਲ ਸਿੰਘ ਢਿੱਲੋਂ, 84278-66404
ਆਵਾਜ਼ਿ ਕੌਮ
AWAZE QAUM
International Newspaper & WEB TV

ਵਾਹਿਗੁਰੂ ਜੀ ਕਾ ਖਾਲਸਾ।

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕੀ ਫ਼ਤਹਿ ॥

# ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼


**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**




ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB



ਸ੍ਰੀ ਪਟਨਾ ਸਾਹਿਬ
SRI PATNA SAHIB



ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB



ਸ੍ਰੀ ਦਮਦਮਾ ਸਾਹਿਬ
SRI DAMDAMA SAHIB



ਸ੍ਰੀ ਹਜ਼ੂਰ ਸਾਹਿਬ
SRI HAZUR SAHIB

# PANJ TAKHAT YATRA

**Thank you for choosing us to go to PANJ TAKHAT YATRA in February 2026 (15th Feb – 25thFeb 2026). During the stay we will try to provide you with all the possible facilities to make this trip a memorable one.**

## Tour Package

**Akal Takhat Sahib & 5 Other Places**
**Hydrabad & 5 Other Places**
**Hazur Sahib & 8 Other Gurudwaras**
**Patna Sahib & 5 Other Gurudwaras**
**Chandigarh & Sukhna Lake**
**Anandpur Sahib & 4 Other Gurudwaras**
**Damdama Sahib & 3 Other Gurudwaras**

- Luxury Hotel With Breakfast & Dinner
- Luxury Air-Conditioned Coaches
- Domestic Flights
- Guided
- Flexibility to stay in India before & after the trip
- Starting and Ending Point at Jalandhar

**Note : To Book Deposit £600 as an advance into the mentioned bank account balance amout need to be deposited 2 weeks before the travel date.**

**Account Name : RAGHBIR SINGH**
**Bank Name : HALIFAX**
**Sort Code : 11-08-07**
**Account No. : 00516474**

**Contact Detail :**
**+44 7458 381111 +44 7976 210161**
**email: gnstuk@hotmail.com**

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

**--ADVICE--**
**Request to all Sangat to have own travel Insurance individualy!**


**Program is subject to change without Prior Notice.**

## JOURNEY OF A LIFE TIME

# PANJ TAKHAT YATRA

## 5 TAKHAT YATRA - 10 NIGHTS / 11 DAYS

### 15th FEB. Day 1st.



**Meeting** at Gurdwara Sri Dukh Niwaran sahib patshahi 9 Guru Teg Bahadur Nagar Jalandhar and start the journey on ward drive to Amritsar sahib stop at Kartar pur to see Jung e Ajadi museum ( if it is open) later drive to Amritsar check in hotel and later visit to Sri Akal Takhat sahib back to hotel and dinner in the hotel.

### 16th Feb. Day 2nd.




Early morning check out to drive to airport to take flight at 730 am to Hyderabad after arrival and proceed to see the museum than back to the hotel check in and lunch in the hotel later at 4 pm proceed to visit char minar dinner will be paid by the people directly.

### 17th Feb Day 3rd




After break fast drive to Bidar it is 3 hrs journey on arrival Darshan and lunch at the Langar than drive to Nanded again 3 hrs journey reach there check in sran and do darshan dinner at the langar.

### 18th Feb Day4th




Morning Darshan and break fast in the Langar After breakfast start for the tour of Gurdwaras, Visit to Gurdwara Nagina Ghat, Gurdwara Baba Banda Bahadur ji, Gurdwara Mal Tekri sahib, Gurdwara Heera Ghat later Gurdwara Mata Sahib Deva ji- Lunch in the langar, later to gurdwara Shikar Ghat here you have tea with pakoras later to gurdwara Sangat sahib back to city of Nanded and visit to Gurdwara Baba Nidhan singh ji, dinner at the Langar of Baba Nidhan singh ji

### 19th Feb Day5th




Leave at 6 am and drive to Hyderabaad we will stop at kings restaurant for quick tea and to use of wash rooms than to Hyderabad at paradise restaurant to have quick hyderabaadi veg biryani paid by the AWAJE QUAM TOURS from here we proceed to airport for the flight to Patna sahib arrival and we proceed to our hotel check in and dinner in the hotel

### 20th Feb. Day 6th




After break fast proceed to visit to Gurdwara Sach Khand Sri Patna sahib later Gurdwara Bal Leela sahib and Langar here later visit to Gurdwara Kangan Ghat sahib, Gurdwara Gau Ghat sahib Gurdwara Guru Ka Bagh and gurdwara Handi sahib back to our hotel and do dinner

### 21st Feb Day 7th




After Break fast proceed to the airport for the flight to chandigarh arrival and from here we go to visit to Sukhna lake later check in the hotel dinner at the hotel and relax.

### 22th Feb Day 8th



After breakfast proceed to visit to Anandpur sahib lunch at the langar later drive to Bathinda check in hotel and dinner at the hotel and relax.

### 23rd Feb Day 9th



After break fast proceed at 9 am to visit Takhat sri Damdama Sahib lunch at the Langar after that we proceed to Sri Amritsar sahib check in hotel dinner at the hotel.

### 24th Feb Day 10th



After break fast proceed at 9 am to visit Sri Harimander sahib, jallianwala bagh Parition Musuem and lunch at the Bharawan da dhabha by the AWAJE QAUM TOURS than drive to Wagah Border, See the ceremony then back to the hotel. Dinner at the hotel.

### 25th Feb Day 11th

**After breakfast proceed to Jalandhar to end the tour with happy memories and with promise to travel again together at Gurdwara Sri Dukh Niwaran sahib Patshahi 9th Guru Teg Bahdur ji Nagar.**

**THANKS FOR TRAVELLING WITH US & STAY BLESSED! LOOKING FORWARD TO TAKE YOU TO ON ANOTHER GREAT JOURNEY**

**FOR MORE INFORMATION PLS. CONTACT**


| | | | |
|---|---|---|---|
| **RAGHBIR SINGH** | **PARAMJIT SHERGILL** | **INDERJIT KAUR** | **KULVINDER MANN** |
| **+44 7458 381111, +44 7976 210161** | **+44 7858 198159** | **+44 7883 635835** | **+44 7900 982906** |

# ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
# ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕਾ ਖ਼ਾਲਸਾ।

ਆਵਾਜ਼ਿ ਕੌਮ
AWAZE QAUM

## ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵਾਹਿਗੁਰੂ ਜੀ ਕੀ ਫ਼ਤਹਿ॥

**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**



ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB



ਸ੍ਰੀ ਪਟਨਾ ਸਾਹਿਬ
SRI PATNA SAHIB



ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB



ਸ੍ਰੀ ਦਮਦਮਾ ਸਾਹਿਬ
SRI DAMDAMA SAHIB



ਸ੍ਰੀ ਹਜ਼ੂਰ ਸਾਹਿਬ
SRI HAZUR SAHIB

# ਪੰਜ ਤਖ਼ਤ ਯਾਤਰਾ

ਬੜੇ ਮਾਣ ਅਤੇ ਸਤਿਕਾਰ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਵਾਹਿਗੁਰੂ ਜੀ ਕੀ ਕ੍ਰਿਪਾ ਸਦਕਾ 15 ਫਰਵਰੀ 2026 ਤੋਂ 25 ਫਰਵਰੀ 2026 (10 ਰਾਤ, 11 ਦਿਨ) ਤੱਕ ਪੰਜ ਤਖਤ ਸਹਿਬਾਨ ਦੀ ਮਹਾਂ ਯਾਤਰਾ ਕਰਵਾਉਣ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਤੁਸੀ ਵੀ ਇਸ ਯਾਤਰਾ ਦਾ ਹਿੱਸਾ ਬਣੋ ਅਤੇ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ। ਤੁਹਾਡੀ ਇਸ ਯਾਤਰਾ ਨੂੰ ਯਾਦਗਾਰੀ ਤੇ ਬਿਹਤਰੀਨ ਬਨਾਉਣ ਲਈ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਦੀ ਟੀਮ ਹਰ ਸੰਭਵ ਯਤਨ ਕਰਕੇ ਤੁਹਾਨੂੰ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰੇਗੀ। ਯਾਤਰਾ ਗੁਰਦਾਵਾਰਾ ਸ੍ਰੀ ਦੁਖ ਨਿਵਾਰਨ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ, ਜਲੰਧਰ ਤੋਂ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ 'ਚ 15 ਫਰਵਰੀ, 2026 ਨੂੰ ਸ਼ੁਰੂ ਹੋਵੇਗੀ ਤੇ ਇੱਥੇ ਹੀ 25 ਫਰਵਰੀ, 2026 ਨੂੰ ਸੰਪੰਨ ਹੋਵੇਗੀ।

## ਟੂਰ ਪੈਕੇਜ

ਧਾਰਮਿਕ ਤੇ ਇਤਿਹਾਸਕ ਟੂਰ ਜਲੰਧਰ ਤੋਂ ਸ਼ੁਰੂ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ, ਹੈਦਰਾਬਾਦ, ਗੁਰਦਵਾਰਾ ਨਾਨਕ ਝੀਰਾ ਬਿਦਰ ਤੋਂ ਬਾਅਦ ਸ਼੍ਰੀ ਹਜ਼ੂਰ ਸਾਹਿਬ ਪਹੁੰਚੇਗਾ, ਜਿਥੇ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਵੀ 9 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਹੈਦਰਾਬਾਦ ਪਹੁੰਚ ਕੇ ਹਵਾਈ ਜਹਾਜ ਦੇ ਰਾਹੀ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੰਡੀਗੜ ਵਾਪਸੀ ਵੀ ਹਵਾਈ ਸਫ਼ਰ ਰਾਹੀਂ ਹੋਵੇਗੀ। ਉਪਰੰਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਜਾਵੇਗਾ। ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦਾਵਾਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਂਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ਲਗਜਰੀ ਹੋਟਲਾਂ 'ਚ ਸਟੇਅ
- ਲਗਜ਼ਰੀ ਏ. ਸੀ. ਕੋਚ
- ਡੋਮੈਸਟਿਕ ਫਲਾਈਟਾਂ
- ਗਾਈਡ
- ਯਾਤਰਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੰਡੀਆ 'ਚ ਸਟੇਅ ਕੀਤਾ ਜਾ ਸਕਦਾ ਹੈ।
- ਪਹਿਲਾ ਅਤੇ ਅੰਤਿਮ ਪੜਾਅ ਜਲੰਧਰ ਵਿਖੇ।

ਬੁੱਕ ਕਰਨ ਲਈ 600 ਪੌਂਡ ਐਡਵਾਂਸ ਦੇ ਤੌਰ 'ਤੇ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ। ਬੁਕਿੰਗ ਫੀਸ ਜਮ੍ਹਾ ਕਰਵਾਉਣ ਉਪਰੰਤ ਰੈਫਰੈਂਸ ਨੰਬਰ ਭੇਜਣਾ ਹੋਵੇਗਾ ਅਤੇ ਬਾਕੀ ਰਹਿੰਦੀ ਫੀਸ ਯਾਤਰਾ ਤੋਂ ਦੋ ਹਫ਼ਤਿਆਂ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।

### ਅਕਾਊਂਟ ਨੰਬਰ ਤੇ ਡਿਟੇਲ

Account Name : RAGHBIR SINGH
Bank Name : HALIFAX
Sort Code : 11-08-07
Account No. : 00516474

ਸੰਪਰਕ ਨੰ. :
+44 7458 381111 +44 7976 210161
email: gnstuk@hotmail.com

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

★ ਸਲਾਹ ★
ਸਮੂਹ ਸੰਗਤ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਤੌਰ 'ਤੇ ਟਰੈਵਲ ਇੰਸ਼ੋਰੈਂਸ ਕਰਵਾ ਲੈਣ

ਬਿਨਾਂ ਕੋਈ ਨੋਟਿਸ ਦਿੱਤੇ ਪ੍ਰੋਗਰਾਮ 'ਚ ਤਬਦੀਲੀ ਕੀਤੀ ਜਾ ਸਕਦੀ ਹੈ।

ਆਵਾਜ਼ਿ ਕੌਮ
AWAZE QAUM

## ਜ਼ਿੰਦਗੀ ਭਰ ਦੀ ਯਾਦ ਬਣਨ ਵਾਲੀ
# ਪੰਜ ਤਖ਼ਤ ਯਾਤਰਾ

ਆਵਾਜ਼ਿ ਕੌਮ
AWAZE QAUM

10 ਰਾਤਾਂ ਤੇ 11 ਦਿਨ ਦੀ ਯਾਤਰਾ ਦਾ ਵੇਰਵਾ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਹੈ :

### 15 ਫਰਵਰੀ (ਦਿਨ 1)



ਸਾਰੀ ਸੰਗਤ ਗੁਰਦਵਾਰਾ ਦੁਖ ਨਿਵਾਰਨ ਸਾਹਿਬ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ ਵਿਖੇ ਇਕੱਤਰ ਹੋਵੇਗੀ ਤੇ ਇਥੋਂ ਜੈਕਾਰਿਆਂ ਦੀ ਗੂੰਜ 'ਚ ਸ਼੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਕਰਤਾਰਪੁਰ ਵਿਖੇ ਜੰਗ-ਏ-ਆਜਦੀ ਅਜਾਇਬ ਘਰ ਵਿਖਾਇਆ ਜਾਵੇਗਾ। ਹੋਟਲ ਵਿਚ ਪਹੁੰਚ ਕੇ ਚੈਕ ਇਨ ਹੋਵੇਗਾ। ਉਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਵੇਗੀ। ਦੁਬਾਰਾ ਵਾਪਸ ਹੋਟਲ ਵਿਚ ਪਹੁੰਚ ਕੇ ਡਿਨਰ ਹੋਟਲ ਕੀਤਾ ਜਾਵੇਗਾ।

### 16 ਫਰਵਰੀ (ਦਿਨ 2)




ਤੜਕੇ ਸਵੇਰੇ 5 ਵਜੇ ਹੈਦਰਾਬਾਦ ਨੂੰ ਜਾਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ ਜਾਵੇਗਾ। ਫਲਾਇਟ ਦਾ ਸਮਾਂ 7.30 ਵਜੇ ਸਵੇਰੇ ਹੋਵੇਗਾ। ਹੈਦਰਾਬਾਦ ਤੱਕ ਫਲਾਈ ਸਮਾਂ ਦੋ ਘੰਟੇ ਦਾ ਹੋਵੇਗਾ। ਹੈਦਰਾਬਾਦ ਪਹੁੰਚ ਕੇ ਬੱਸ ਵਿਚ ਬੈਠ ਕੇ ਹੈਦਰਾਬਾਦ ਦਾ ਬਹੁਤ ਹੀ ਮਸ਼ਹੂਰ ਮਿਊਜ਼ੀਅਮ ਦਿਖਾਇਆ ਜਾਵੇਗਾ। ਉਸ ਤੋਂ ਬਾਅਦ ਹੋਟਲ ਵਿਚ ਜਾ ਕੇ ਚੈਕ ਇਨ ਤੇ ਲੰਚ ਹੋਵੇਗਾ। ਸ਼ਾਮ 4 ਵਜੇ ਹੈਦਰਾਬਾਦ ਦਾ ਦੁਨੀਆਂ ਭਰ 'ਚ ਮਸ਼ਹੂਰ ਚਾਰਮਿਨਾਰ ਦਿਖਾਇਆ ਜਾਵੇਗਾ। ਡਿਨਰ ਦੱਖਣ-ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਵਿਚ (ਖੁਦ ਦੇ ਖਰਚੇ 'ਤੇ) ਕਰਵਾਇਆ ਜਾਵੇਗਾ। ਵਾਪਸ ਹੋਟਲ ਵਿਚ ਆ ਕੇ ਅਰਾਮ ਕੀਤਾ ਜਾਵੇਗਾ।

### 17 ਫਰਵਰੀ (ਦਿਨ 3)



ਸਵੇਰੇ ਨਾਸ਼ਤੇ ਤੋਂ ਬਾਅਦ ਟਰੇਨ ਰਾਹੀਂ ਬਿਦਰ ਨੂੰ ਚਾਲੇ ਪਾਏ ਜਾਣਗੇ। 3 ਘੰਟੇ ਦੀ ਯਾਤਰਾ ਹੋਵੇਗੀ। ਇੱਥੇ ਪਹੁੰਚ ਕੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੁਪਹਿਰ ਨੂੰ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਨੰਦੇੜ ਸਾਹਿਬ ਵੱਲ ਚਾਲੇ ਪਾਏ ਜਾਣਗੇ। ਸ਼ਾਮ ਨੂੰ ਨੰਦੇੜ ਸਾਹਿਬ ਪਹੁੰਚ ਕੇ ਸਰਾਂ ਵਿਚ ਰੈਣ ਵਸੈਰਾ ਹੋਵੇਗਾ। ਰਾਤ ਦਾ ਭੋਜਨ ਕੰਪਨੀ ਵਲੋ ਫਿਕਸਡ ਮੈਨਿਊ 'ਤੇ ਅਧਾਰਤ ਰੈਟੋਰੈਂਟ ਵਿਚ ਹੋਵੇਗਾ ਜਿਸ ਦਾ ਖਰਚਾ ਕੰਪਨੀ ਕਰੇਗੀ। ਰਾਤ ਦਾ ਵਿਸ਼ਰਾਮ ਸਰਾਂ ਵਿੱਚ ਹੋਵੇਗਾ।

### 18 ਫਰਵਰੀ (ਦਿਨ 4)



ਸੰਗਤ ਤੜਕੇ ਸਚਖੰਡ ਸ੍ਰੀ ਨੰਦੇੜ ਸਾਹਿਬ ਦੀ ਹਾਜਰੀ ਭਰੇਗੀ। ਨਾਸ਼ਤਾ ਲੰਗਰ ਹਾਲ ਵਿਚ ਹੋਵੇਗਾ। ਠੀਕ 10 ਵਜੇ ਗੁਰਦਵਾਰਾ ਸਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਬਾਬਾ ਬੰਦਾ ਬਾਹੁਦਰ, ਗੁਰਦਵਾਰਾ ਮਾਲ ਟੇਕੜੀ, ਗੁਰਦਵਾਰਾ ਹੀਰਾ ਘਾਟ, ਗੁਰਦਵਾਰਾ ਮਾਤਾ ਸਾਹਿਬ ਦੇਵਾ ਜੀ ਦੇ ਦਰਸ਼ਨ ਕਰਨ ਉਪਰੰਤ ਇਥੇ ਹੀ ਲੰਗਰ ਛਕਿਆ ਜਾਵੇਗਾ। ਇਸ ਤੋਂ ਬਾਅਦ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨ ਉਪਰੰਤ ਚਾਹ ਦਾ ਲੰਗਰ ਛਕਿਆ ਜਾਵੇਗਾ। ਇਸ ਉਪਰੰਤ ਗੁਰਦਵਾਰਾ ਸੰਗਤ ਸਾਹਿਬ ਤੇ ਅਸਤਬਲ ਦੇ ਦਰਸ਼ਨ ਕੀਤੇ ਜਾਣਗੇ। ਗੁਰਦਵਾਰਾ ਨਗੀਨਾ ਘਾਟ ਦੇ ਦਰਸ਼ਨਾ ਤੋਂ ਬਾਅਦ ਗੁਰਦਵਾਰਾ ਬਾਬਾ ਨਿਧਾਨ ਸਿੰਘ ਜੀ ਵਿਖੇ ਰਾਤ ਦਾ ਲੰਗਰ ਹੋਵੇਗਾ। ਰਾਤ ਦਾ ਵਿਸ਼ਰਾਮ ਇੱਥੇ ਸਰਾਂ ਵਿੱਚ ਹੋਵੇਗਾ।

### 19 ਫਰਵਰੀ (ਦਿਨ 5)



ਤੜਕੇ 6 ਵਜੇ ਹੈਦਰਾਬਾਦ ਲਈ ਰਵਾਨਗੀ ਪਾਈ ਜਾਵੇਗੀ ਅਤੇ ਕਿੰਗਸ ਰੈਸਟੋਰੈਂਟ ਵਿੱਚ ਸੰਗਤ ਨੂੰ ਚਾਹ ਪਿਲਾਈ ਜਾਵੇਗੀ। ਹੈਦਰਾਬਾਦ ਪਹੁੰਚ ਕੇ ਇੱਥੋਂ ਦੀ ਮਸ਼ਹੂਰ ਸ਼ਾਕਾਹਾਰੀ ਹੈਦਰਾਬਾਦੀ ਬਰਿਆਨੀ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਹਵਾਈ ਯਾਤਰਾ ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਹਵਾਈ ਯਾਤਰਾ ਦਾ ਸਮਾਂ 2 ਘੰਟੇ ਦਾ ਹੋਵੇਗਾ। ਹੋਟਲ ਵਿਚ ਚੈਕ ਇਨ ਕਰਨ ਉਪਰੰਤ ਡਿਨਰ ਤਿਆਰ ਮਿਲੇਗਾ।

### 20 ਫਰਵਰੀ (ਦਿਨ 6)



ਸਵੇਰੇ ਨਾਸ਼ਤੇ ਤੋਂ ਬਾਅਦ ਜਨਮ ਅਸਥਾਨ ਸਚਖੰਡ ਸ਼੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਕੰਗਣ ਘਾਟ ਤੇ ਗੁਰਦਵਾਰਾ ਬਾਲ ਲੀਲਾ ਸਾਹਿਬ ਦੇ ਧਰਸ਼ਨ ਕੀਤੇ ਜਾਣਗੇ। ਦੁਪਹਿਰ ਦਾ ਲੰਗਰ ਗੁਰਦਵਾਰਾ ਬਾਲ ਲੀਲਾ ਸਾਹਿਬ ਵਿੱਚ ਹੋਵੇਗਾ। ਇਸ ਉਪਰੰਤ ਗੁਰਦਵਾਰਾ ਗਊ ਘਾਟ, ਗੁਰਦਵਾਰਾ ਗੁਰੂ ਕਾ ਬਾਗ, ਗੁਰਦਵਾਰਾ ਹਾਂਡੀ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਵਾਪਸ ਹੋਟਲ 'ਚ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 21 ਫਰਵਰੀ (ਦਿਨ 7)



ਨਾਸ਼ਤਰਾ ਕਰਨ ਉਪਰੰਤ ਸ੍ਰੀ ਪਟਨਾ ਸਾਹਿਬ ਤੋਂ ਹਵਾਈ ਅੱਡੇ ਲਈ ਚਾਲੇ ਪਾਏ ਜਾਣਗੇ ਤੇ ਹਵਾਈ ਯਾਤਰਾ ਰਾਹੀਂ ਚੰਡੀਗੜ੍ਹ ਪਹੁੰਚਿਆ ਜਾਵੇਗਾ। ਇੱਥੇ ਵਿਸ਼ਵ ਪ੍ਰਸਿੱਧ ਸੁਖਨਾ ਲੇਕ ਘੁੰਮਣ ਉਪਰੰਤ ਹੋਟਲ ਚੈੱਕ ਇਨ ਕੀਤਾ ਜਾਵੇਗਾ ਤੇ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 22 ਫਰਵਰੀ (ਦਿਨ 8)



ਨਾਸ਼ਤੇ ਕਰਨ ਉਪਰੰਤ ਟਰੇਨ ਰਾਹੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ। ਜਿਥੇ ਗੁਰਦਵਾਰਾ ਸ੍ਰੀ ਕੇਸਗੜ ਸਾਹਿਬ, ਗੁਰਦਾਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਭੌਰਾ ਸਾਹਿਬ ਤੇ ਕਿਲਾ ਆਨੰਦਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਬਠਿੰਡਾ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 23 ਫਰਵਰੀ (ਦਿਨ 9)



ਸਵੇਰੇ ਨਾਸ਼ਤੇ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾ ਲਈ ਚਾਲੇ ਪਾਏ ਜਾਣਗੇ। ਬੁਰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨਾ ਤੋਂ ਬਾਅਦ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਉਪਰੰਤ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 24 ਫਰਵਰੀ (ਦਿਨ 10)



ਸਵੇਰੇ ਨਾਸ਼ਤੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਜਲ੍ਹਿਆਂਵਾਲਾ ਬਾਗ ਵੇਖਿਆ ਜਾਵੇਗਾ। ਦੁਪਹਿਰ ਦਾ ਲੰਗਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਛਕਿਆ ਜਾਵੇਗਾ। ਇਸ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਉਜੀਅਮ ਵਿਖਾਇਆ ਜਾਵੇਗਾ। ਸ਼ਾਮ ਨੂੰ ਵਾਹਗਾ ਬਾਰਡਰ ਪਹੁੰਚ ਕੇ ਰੀਟਰੀਟ ਸੇਰੇਮਨੀ ਦਿਖਾਈ ਜਾਵੇਗੀ। ਡਿਨਰ ਅਤੇ ਰਾਤਰੀ ਵਿਸ਼ਰਾਮ ਹੋਟਲ ਵਿੱਚ ਹੋਵੇਗਾ।

### 25 ਫਰਵਰੀ (ਦਿਨ 11)

ਨਾਸ਼ਤੇ ਕਰਨ ਉਪਰੰਤ ਸੰਗਤ ਜਲੰਧਰ ਲਈ ਚਾਲੇ ਪਾਵੇਗੀ ਅਤੇ ਗੁਰਦਵਾਰਾ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਪਹੁੰਚ ਕੇ ਅਮਿੱਟ ਧਾਰਮਿਕ ਤੇ ਇਤਹਾਸਕ ਯਾਦਾਂ ਸਮੇਟਦਿਆਂ, ਫਿਰ ਮਿਲਣ ਦੇ ਵਾਅਦੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਟੂਰ ਦੀ ਸਮਾਪਤੀ ਹੋਵੇਗੀ।

ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼ ਨਾਲ ਯਾਤਰਾ ਕਰਨ ਲਈ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਿਨ-ਕੋਟ ਧੰਨਵਾਦ। ਤੁਹਾਨੂੰ ਹੋਰ ਧਾਰਮਿਕ ਤੇ ਇਤਿਹਾਸਕ ਯਾਤਰਾ 'ਤੇ ਜਲਦ ਲੈ ਕੇ ਜਾਣ ਦਾ ਵਾਅਦਾ ਕਰਦੇ ਹਾਂ।

--★ ਯਾਤਰਾ ਵਿੱਚ ਸ਼ਾਮਲ ਹੋਣ ਅਤੇ ਹੋਰ ਵਧੇਰੇ ਜਾਣਕਾਰੀ ਲਈ ਦਿੱਤੇ ਗਏ ਨੰਬਰਾਂ 'ਤੇ ਸੰਪਰਕ ਕਰੋ ★--


| RAGHBIR SINGH | PARAMJIT SHERGILL | INDERJIT KAUR | KULWINDER MANN |
| --- | --- | --- | --- |
| +44 7458 381111, +44 7976 210161 | +44 7858 198159 | +44 7883 635835 | +44 7900 982906 |

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਪੁੱਤਰਾਂ ਦੇ ਦਾਨੀ
# ਬਾਬਾ ਬੁੱਢਾ ਸਾਹਿਬ ਜੀ

ਸਲਾਨਾ ਬਰਸੀ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਤਲਾਆ ਰਾਮਦਾਸ ਅਜਨਾਲਾ

## ਗੁਰਿਆਈ ਗੱਦੀ ਧੰਨ ਸ਼੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ

**ਸ਼ਨਿੱਚਰਵਾਰ 13 ਸਤੰਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ।**

ਐਤਵਾਰ 14 ਸਤੰਬਰ 2025 ਨੂੰ 6:30 ਵਜੇ ਸਵੇਰੇ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪਰੰਤ 12:30 ਵਜੇ ਤੱਕ ਦੀਵਾਨ ਸੱਜਣਗੇ।

ਕਥਾ ਵਾਚਕ ਬਾਬਾ ਦਈਆ ਸਿੰਘ ਯੂ ਐਸੇ ਏ ਵਾਲੇ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ।
☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778


Singh Sahib Giani Malkit Singh Ji
Head Granthi Sri Akaal Takhat Sahib
Contact No -IND +91 98552 03174
America - +1(856)-473-8596
29 - 31 August Nanak Naam Jahaaj Gurdwara 1080 Westside Ave , Jersey City , NJ 07306
5&7 Septmber Mata GUJRI Sikh Society 11 Ellison Dr,cherry Hill,NJ08003
11 September Guru Nanak Sikh Heritage 29 wyekoff Mills Rd,Monroe ,NJ09931
12-14 September Philadelphia Sikh Society 6706 Garden CT Rd, Millbourne, PA19082
21 September Garden state Sikh Association 977 Washington Vally Rd ,Basking Ridge,NJ07920
26-28 September Guru Nanak Mission Gurdwara 138 Bauer Dr, Oakland,NJ08436
For More Information Contact-Bhai Karamjit Singh Ji Shant (201)694-1007
ਆਵਾਜ਼ਿ ਕੌਮ AWAZE QAUM International Newspaper & WEB TV





# ਵਰਚੁਅਲ ਖ਼ੁਸ਼ੀ ਦੇ ਜਾਲ ਵਿੱਚ ਫਸਿਆ ਇਨਸਾਨ



**ਆਧੁਨਿਕ** ਯੁੱਗ ਵਿੱਚ ਮੋਬਾਈਲ ਫੋਨ ਸਾਡੇ ਜੀਵਨ ਦਾ ਅਟੁੱਟ ਹਿੱਸਾ ਬਣ ਗਿਆ ਹੈ। ਜਿਹੜਾ ਸਮਾਂ ਪਹਿਲਾਂ ਲੋਕ ਪਰਿਵਾਰ, ਦੋਸਤਾਂ ਅਤੇ ਆਪਣੇ ਆਲੇ ਦੁਆਲੇ ਦੇ ਲੋਕਾਂ ਨਾਲ ਬਿਤਾਉਂਦੇ ਸਨ, ਉਹ ਹੁਣ ਜ਼ਿਆਦਾਤਰ ਸਮਾਂ ਮੋਬਾਈਲ ਦੀ ਸਕਰੀਨ ‘ਤੇ ਲੰਘਦਾ ਹੈ। ਮੋਬਾਈਲ ਨੇ ਸਾਡੇ ਹੱਥਾਂ ਵਿੱਚ ਇੱਕ ਅਜਿਹੀ ਦੁਨੀਆ ਦੇ ਦਿੱਤੀ ਹੈ, ਜਿਸ ਵਿੱਚ ਖੇਡ, ਫ਼ਿਲਮਾਂ, ਵੀਡੀਓਜ਼, ਚੈਟਿੰਗ ਅਤੇ ਸੋਸ਼ਲ ਮੀਡੀਆ ਦੇ ਰੰਗ-ਬਰੰਗੇ ਮੰਜ਼ਰ ਹਨ। ਹਰ ਰੋਜ਼ ਅਸੀਂ ਘੰਟਿਆਂ ਤੱਕ ਸਕ੍ਰੋਲ ਕਰਦੇ ਹਾਂ, ਨਵੇਂ-ਨਵੇਂ ਪੋਸਟਾਂ ਤੇ ਲਾਈਕ, ਕਮੈਂਟ ਕਰਦੇ ਹਾਂ, ਤੇ ਉਸ ਕੁਦਰਤੀ ਖ਼ੁਸ਼ੀ ਨੂੰ ਲੱਭਣ ਦੀ ਕੋਸ਼ਿਸ਼ ਕਰਦੇ ਹਾਂ ਜੋ ਅਸਲ ਜੀਵਨ ਵਿੱਚ ਕਈ

ਆਵਾਜ਼ਿ ਕੌਮ AWAZE QAUM International Newspaper & WEB TV

ਵਾਰ ਨਹੀਂ ਮਿਲਦੀ।

ਪਰ ਇਹ ਖ਼ੁਸ਼ੀ ਸਿਰਫ਼ ਮੋਬਾਈਲ ਦੀ ਸਕਰੀਨ ਤੱਕ ਹੀ ਸੀਮਿਤ ਰਹਿ ਜਾਂਦੀ ਹੈ। ਅਸਲ ਜ਼ਿੰਦਗੀ ਵਿੱਚ, ਜਿੱਥੇ ਸਾਨੂੰ ਆਪਣੇ ਪਰਿਵਾਰ ਨਾਲ ਬੈਠ ਕੇ ਗੱਲਬਾਤ ਕਰਨੀ ਚਾਹੀਦੀ ਹੈ, ਬੱਚਿਆਂ ਨਾਲ ਖੇਡਣਾ ਚਾਹੀਦਾ ਹੈ ਜਾਂ ਦੋਸਤਾਂ ਨਾਲ ਮਿਲ ਕੇ ਸੱਚੀਆਂ ਯਾਦਾਂ ਬਣਾਉਣੀਆਂ ਚਾਹੀਦੀਆਂ ਹਨ, ਉੱਥੇ ਅਸੀਂ ਸਭ ਖਾਮੋਸ਼ੀ ਨਾਲ ਆਪਣੇ-ਆਪਣੇ



ਫੋਨ ਵਿੱਚ ਗੁੰਮੇ ਰਹਿੰਦੇ ਹਾਂ। ਸਕਰੀਨ ਦੇ ਅੰਦਰ ਅਸੀਂ ਹੱਸਦੇ ਹਾਂ, ਤਸਵੀਰਾਂ ‘ਤੇ ਦਿਲ ਵਾਲੇ ਚਿੰਨ੍ਹ ਬਣਾਉਂਦੇ ਹਾਂ, ਪਰ ਸੱਚਮੁੱਚੀ ਹਾਸੀ ਤੇ ਦਿਲੋਂ ਆਈ ਖ਼ੁਸ਼ੀ ਸਾਡੇ ਚਿਹਰੇ ਤੋਂ ਗਾਇਬ ਹੋ ਚੁੱਕੀ ਹੈ।

ਇਹੋ ਕਾਰਨ ਹੈ ਕਿ ਅੱਜ ਦੇ ਸਮੇਂ ਵਿੱਚ ਇਕੱਲੇਪਨ ਅਤੇ ਖਾਲੀਪਨ ਦੀ ਭਾਵਨਾ ਤੇਜ਼ੀ ਨਾਲ ਵਧ ਰਹੀ ਹੈ। ਜਦੋਂ ਕਿਸੇ ਦੇ ਕੋਲ ਹਜ਼ਾਰਾਂ ਆਨਲਾਈਨ “ਦੋਸਤ” ਹੋਣ ਦੇ ਬਾਵਜੂਦ ਵੀ ਉਹ ਅਸਲ ਵਿੱਚ ਕਿਸੇ ਨਾਲ ਆਪਣੀ ਪੀੜ, ਖ਼ੁਸ਼ੀ ਜਾਂ ਅਹਿਸਾਸ ਸਾਂਝੇ ਨਹੀਂ ਕਰ ਸਕਦਾ, ਤਾਂ ਉਹ ਮਨੁੱਖ ਅੰਦਰੋਂ ਤਨਹਾਈ ਮਹਿਸੂਸ ਕਰਦਾ ਹੈ। ਮੋਬਾਈਲ ਦੀ ਸਕਰੀਨ ’ਤੇ ਬਣੀ ਇਹ ਵਰਚੁਅਲ ਖ਼ੁਸ਼ੀ ਅਸਲ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੀ। ਪਰਿਵਾਰਕ ਰਿਸ਼ਤਿਆਂ ਵਿੱਚ ਦੂਰੀ, ਬੱਚਿਆਂ ਅਤੇ ਮਾਪਿਆਂ ਵਿਚਕਾਰ ਗੱਲਬਾਤ ਦੀ ਕਮੀ, ਪਤੀ-ਪਤਨੀ ਵਿਚਕਾਰ ਸਮੇਂ ਦੀ ਘਾਟ, ਇਹ ਸਾਰੇ ਮੁੱਦੇ ਮੋਬਾਈਲ ਦੀ ਬੇਹਿਸਾਬ ਵਰਤੋਂ ਨਾਲ ਜੁੜੇ ਹੋਏ ਹਨ। ਮਨੁੱਖ ਦੇ ਮਨ ਵਿੱਚ ਖਾਲੀਪਨ ਵਧਦਾ ਜਾਂਦਾ ਹੈ ਕਿਉਂਕਿ ਉਸਨੂੰ ਲੱਗਦਾ ਹੈ ਕਿ ਉਹ ਆਨਲਾਈਨ ਦੁਨੀਆ ਵਿੱਚ ਖੁਸ਼ ਹੈ, ਪਰ ਜਦੋਂ ਉਹ ਫੋਨ ਸਾਈਡ ‘ਤੇ ਰੱਖਦਾ ਹੈ, ਤਾਂ ਉਸਨੂੰ ਆਪਣਾ ਕਮਰਾ ਖਾਮੋਸ਼ ਮਿਲਦਾ ਹੈ। ਅਸਲ ਖ਼ੁਸ਼ੀ ਕਦੇ ਵੀ ਸਿਰਫ਼ ਸਕਰੀਨ ਦੇ ਅੰਦਰ ਨਹੀਂ ਮਿਲਦੀ। ਉਹ ਖ਼ੁਸ਼ੀ ਸਾਨੂੰ ਉਹਨਾਂ ਪਲਾਂ ਵਿੱਚ ਮਿਲਦੀ ਹੈ ਜਦੋਂ ਅਸੀਂ ਆਪਣੇ ਬੱਚਿਆਂ ਨੂੰ ਖੇਡਦਿਆਂ ਦੇਖਦੇ ਹਾਂ, ਜਦੋਂ ਪਰਿਵਾਰ ਨਾਲ ਬੈਠ ਕੇ ਖਾਣਾ ਖਾਂਦੇ ਹਾਂ, ਜਦੋਂ ਦੋਸਤਾਂ ਨਾਲ ਖੁੱਲ੍ਹ ਕੇ ਹੱਸਦੇ ਹਾਂ, ਜਾਂ ਜਦੋਂ ਕਿਸੇ ਮਦਦ ਦੀ ਲੋੜ ਵਾਲੇ ਮਨੁੱਖ ਦੀ ਸਹਾਇਤਾ ਕਰਦੇ ਹਾਂ। ਇਹੋ ਉਹ ਪਲ ਹਨ ਜੋ ਜ਼ਿੰਦਗੀ ਨੂੰ ਅਸਲ ਮਾਇਨੇ ਦਿੰਦੇ ਹਨ।

ਇਸ ਲਈ ਜਰੂਰੀ ਹੈ ਕਿ ਅਸੀਂ ਮੋਬਾਈਲ ਦੀ ਸਕਰੀਨ ਅਤੇ ਅਸਲ ਜ਼ਿੰਦਗੀ ਵਿਚਕਾਰ ਸੰਤੁਲਨ ਬਣਾਈਏ। ਟੈਕਨਾਲੋਜੀ ਸਾਡੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਹੈ, ਨਾ ਕਿ ਸਾਨੂੰ ਆਪਣੇ ਹੀ ਲੋਕਾਂ ਤੋਂ ਦੂਰ ਕਰਨ ਲਈ। ਜੇਕਰ ਅਸੀਂ ਆਪਣੇ ਸਮੇਂ ਦੀ ਸਹੀ ਵੰਡ ਕਰੀਏ, ਕੁਝ ਸਮਾਂ ਮੋਬਾਈਲ ਲਈ ਅਤੇ ਕੁਝ ਸਮਾਂ ਆਪਣੇ ਪਰਿਵਾਰ ਤੇ ਅਸਲ ਜ਼ਿੰਦਗੀ ਲਈ ਤਾਂ ਹੀ ਅਸੀਂ ਉਸ ਖਾਲੀਪਨ ਨੂੰ ਭਰ ਸਕਦੇ ਹਾਂ, ਜੋ ਅੱਜ ਦੀ ਪੀੜ੍ਹੀ ਦਾ ਸਭ ਤੋਂ ਵੱਡਾ ਦੁੱਖ ਬਣਦਾ ਜਾ ਰਿਹਾ ਹੈ।

ਮੋਬਾਈਲ ਦੀ ਸਕਰੀਨ ਦੀ ਖ਼ੁਸ਼ੀ ਛਣਿਕੀ (ਸਿਰਫ਼ ਥੋੜੇ ਸਮੇਂ ਲਈ ਹੀ ਹੁੰਦੀ) ਹੈ, ਪਰ ਅਸਲ ਜ਼ਿੰਦਗੀ ਦੀ ਖ਼ੁਸ਼ੀ ਸਦੀਵੀ ਹੈ। ਇਸ ਲਈ ਸਾਨੂੰ ਆਪਣੀ ਜ਼ਿੰਦਗੀ ਦਾ ਕੇਂਦਰ ਮੋਬਾਈਲ ਨਹੀਂ, ਸਗੋਂ ਮਨੁੱਖੀ ਰਿਸ਼ਤੇ ਅਤੇ ਸੱਚੀਆਂ ਯਾਦਾਂ ਬਣਾਉਣ ਨੂੰ ਬਣਾਉਣਾ ਚਾਹੀਦਾ ਹੈ।

**-ਗੁਰਦੇਵ ਸਿੰਘ ਬਠਿੰਡਾ**, 9316949649
**Gurjant Singh Natheha**
+918968727272, +918968407272

# ਮਹਾਰਾਸ਼ਟਰ ਦੀ ਫੜਨਵੀਸ ਸਰਕਾਰ ਵੱਲੋਂ 350ਵੀਂ ਸ਼ਹੀਦੀ ਸ਼ਤਾਬਦੀ ਰਾਜ ਪੱਧਰੀ ਮਨਾਉਣ ਲਈ

## ਯੋਜਨਾ ਤੇ ਪ੍ਰਬੰਧਕ ਕਮੇਟੀਆਂ ਦਾ ਐਲਾਨ








**ਮੁੰਬਈ/ਅੰਮ੍ਰਿਤਸਰ, 13 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਮਹਾਰਾਸ਼ਟਰ ਦੇ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਦੀ ਭਾਜਪਾ ਸਰਕਾਰ ਵੱਲੋਂ "ਹਿੰਦ ਦੀ ਚਾਦਰ" ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਅਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ 350ਵੀਂ ਗੁਰਤਾ ਗੱਦੀ ਸ਼ਤਾਬਦੀ ਨੂੰ ਰਾਜ ਪੱਧਰੀ ਵਿਸ਼ਾਲ ਪੱਧਰ 'ਤੇ ਮਨਾਉਣ ਲਈ ਰੂਪ-ਰੇਖਾ, ਪ੍ਰਬੰਧਕ ਕਮੇਟੀਆਂ ਅਤੇ ਵਿਸਥਾਰਪੂਰਵਕ ਪ੍ਰੋਗਰਾਮਾਂ ਦਾ ਐਲਾਨ ਕੀਤਾ ਗਿਆ ਹੈ। ਇਹ ਫ਼ੈਸਲਾ ਮਹਾਰਾਸ਼ਟਰ ਦੀ ਧਰਤੀ ਉੱਤੇ ਵੱਸ ਰਿਹਾ ਸਿੱਖ ਭਾਈਚਾਰਾ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਇਤਿਹਾਸਕ ਜਜ਼ਬਾਤਾਂ ਨਾਲ ਜੁੜੀ ਬੇਮਿਸਾਲ ਸਵੀਕ੍ਰਿਤੀ ਵਜੋਂ ਦੇਖਿਆ ਜਾ ਰਿਹਾ ਹੈ।

### ਮਹਾਰਾਸ਼ਟਰ ਦੀਆਂ ਸਿੱਖ ਅਤੇ ਨਾਨਕ ਨਾਮ ਲੇਵਾ ਸੰਗਤਾਂ 'ਚ ਭਾਰੀ ਉਤਸ਼ਾਹ : ਜਸਪਾਲ ਸਿੰਘ ਸਿੱਧੂ

ਇਸ ਇਤਿਹਾਸਕ ਘੋਸ਼ਣਾ ਬਾਰੇ ਜਾਣਕਾਰੀ ਦਿੰਦਿਆਂ ਮਹਾਰਾਸ਼ਟਰ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਮੁਖੀ ਸਰਦਾਰ ਜਸਪਾਲ ਸਿੰਘ ਸਿੱਧੂ ਨੇ ਦੱਸਿਆ ਕਿ ਇਹ ਫ਼ੈਸਲਾ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੇ ਪ੍ਰਸਤਾਵ ਨੂੰ ਸਵੀਕਾਰਦਿਆਂ ਲਿਆ ਗਿਆ ਹੈ। ਰਾਜਪਾਲ ਮਹਾਰਾਸ਼ਟਰ ਦੀ ਪ੍ਰਵਾਨਗੀ ਹੇਠ 12 ਸਤੰਬਰ 2025 ਨੂੰ ਰਾਜ ਅਲਪਸੰਖਿਅਕ ਵਿਕਾਸ ਵਿਭਾਗ ਵੱਲੋਂ ਜਾਰੀ ਕੀਤੀ ਗਈ ਸਰਕਾਰੀ ਅਧਿਸੂਚਨਾ ਵਿੱਚ ਸੂਬੇ-ਪੱਧਰ 'ਤੇ ਇਨ੍ਹਾਂ ਦੋਵਾਂ ਗੁਰਪੁਰਬਾਂ ਨੂੰ ਸ਼ਾਨਦਾਰ ਢੰਗ ਨਾਲ ਮਨਾਉਣ ਦੀ ਪੁਸ਼ਟੀ ਕੀਤੀ ਗਈ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਸਰਕਾਰੀ ਰੂਪ-ਰੇਖਾ ਅਨੁਸਾਰ, ਇਸ ਸਾਲ ਨਾਂਦੇੜ ਵਿੱਚ 15-16 ਨਵੰਬਰ, ਨਾਗਪੁਰ ਵਿੱਚ 6 ਦਸੰਬਰ ਅਤੇ ਨਵੀਂ ਮੁੰਬਈ ਵਿੱਚ 20-21 ਦਸੰਬਰ ਨੂੰ ਹੋਣ ਵਾਲੇ ਸਮਾਗਮਾਂ ਲਈ ਰਾਜ-ਪੱਧਰੀ ਤਾਲਮੇਲ ਕਮੇਟੀ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਗਠਿਤ ਕੀਤੀ ਗਈ ਹੈ। ਇਸਦੇ ਨਾਲ ਸਥਾਨਕ ਪ੍ਰਬੰਧਕ ਕਮੇਟੀਆਂ ਅਤੇ ਜ਼ਿਲ੍ਹਾ ਪੱਧਰ ਦੀਆਂ ਕਮੇਟੀਆਂ ਬਣਾਈਆਂ ਗਈਆਂ ਹਨ, ਤਾਂ ਜੋ ਧਾਰਮਿਕ, ਸਾਹਿਤਕ, ਸਭਿਆਚਾਰਕ ਅਤੇ ਵਿੱਦਿਅਕ ਪ੍ਰੋਗਰਾਮਾਂ ਨੂੰ ਵਿਆਪਕ ਪੱਧਰ 'ਤੇ ਸਫਲ ਬਣਾਇਆ ਜਾ ਸਕੇ।

ਇਸ ਯੋਜਨਾ 'ਚ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਅਤੇ 11 ਮੈਂਬਰੀ ਸਿੱਖ ਕੋਆਰਡੀਨੇਸ਼ਨ ਕਮੇਟੀ ਦੀ ਅਹਿਮ ਭੂਮਿਕਾ ਦੇ ਨਾਲ ਸਿੱਖ ਸੰਗਤਾਂ, ਸਿਕਲੀਗਰ, ਲਬਾਣਾ, ਬੰਜਾਰਾ, ਮੋਹਯਾਲ ਅਤੇ ਹੋਰ ਗੁਰੂ ਨਾਨਕ ਨਾਮ ਲੇਵਾ ਭਾਈਚਾਰਿਆਂ ਦੀ ਸਰਗਰਮ ਸ਼ਮੂਲੀਅਤ ਰਹੇਗੀ। ਸਰਕਾਰ ਨੇ ਰਾਜ ਦੇ ਮੁੱਖ ਸਕੱਤਰ ਨੂੰ ਕਮੇਟੀ ਦਾ ਚੇਅਰਪਰਸਨ ਨਿਯੁਕਤ ਕੀਤਾ ਹੈ, ਜਦਕਿ ਵੱਡੇ ਸੰਤ ਮਹਾਤਮਾ, ਸਿੱਖ ਪ੍ਰਤੀਨਿਧੀ, ਸਮਾਜਕ ਆਗੂ ਅਤੇ ਵਿਦਵਾਨ ਗੈਰ-ਅਧਿਕਾਰਕ ਮੈਂਬਰਾਂ ਵਜੋਂ ਸ਼ਾਮਲ ਕੀਤੇ ਗਏ ਹਨ। ਇਸਦੇ ਨਾਲ ਹੀ ਇੱਕ ਵਿਸ਼ੇਸ਼ ਪ੍ਰਦਰਸ਼ਨੀ ਕਮੇਟੀ ਦਾ ਗਠਨ ਵੀ ਕੀਤਾ ਗਿਆ ਹੈ ਜੋ ਗੁਰੂ ਸਾਹਿਬ ਦੀ ਮਹਾਨ ਵਿਰਾਸਤ ਉੱਤੇ ਖੋਜ-ਆਧਾਰਤ ਪ੍ਰਕਾਸ਼ਨ, ਆਡੀਓ-ਵੀਡੀਓ ਸਮੱਗਰੀ ਅਤੇ ਜਾਗਰੂਕਤਾ ਮੁਹਿੰਮਾਂ ਰਾਹੀਂ ਲੋਕਾਂ ਨੂੰ ਜੋੜੇਗੀ।

ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 1675 ਵਿੱਚ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦੀ ਦਿੱਤੀ। ਉਨ੍ਹਾਂ ਦੀ ਸ਼ਹੀਦੀ ਸਿਰਫ਼ ਸਿੱਖ ਕੌਮ ਹੀ ਨਹੀਂ, ਸਗੋਂ ਪੂਰੇ ਭਾਰਤੀ ਸਮਾਜ ਲਈ ਮਾਣ ਅਤੇ ਪ੍ਰੇਰਣਾ ਦਾ ਸਰੋਤ ਹੈ। ਗੁਰੂ ਸਾਹਿਬ ਦੀ ਸ਼ਹੀਦੀ ਨੇ ਭਵਿੱਖੀ ਪੀੜ੍ਹੀਆਂ ਲਈ ਸਚਾਈ, ਨਿਆਂ ਅਤੇ ਮਨੁੱਖਤਾ ਦੀ ਰੱਖਿਆ ਦਾ ਅਟੱਲ ਸੰਦੇਸ਼ ਦਿੱਤਾ। ਮੁੱਖ ਮੰਤਰੀ ਨੇ ਭਾਈ ਲੱਖੀ ਸ਼ਾਹ ਵਣਜਾਰੇ ਦੀ ਉਸ ਬੇਮਿਸਾਲ ਵਚਨਬੱਧਤਾ ਦਾ ਵੀ ਜ਼ਿਕਰ ਕੀਤਾ ਜਿਨ੍ਹਾਂ ਨੇ ਗੁਰੂ ਸਾਹਿਬ ਦੇ ਸਰੀਰ ਦਾ ਅੰਤਿਮ ਸਸਕਾਰ ਆਪਣੇ ਘਰ ਸਮੇਤ ਕਾਫ਼ਲੇ ਨੂੰ ਅੱਗ ਲਗਾ ਕੇ ਕੀਤਾ ਸੀ।

ਇਸ ਮੌਕੇ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਮਹਾਰਾਸ਼ਟਰ ਸਰਕਾਰ ਅਤੇ ਮੁੱਖ ਮੰਤਰੀ ਫੜਨਵੀਸ ਜੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਸਿੱਖ ਕੌਮ ਦੇ ਇਤਿਹਾਸਕ ਭਾਵਨਾ-ਪੱਖ ਨੂੰ ਸਵੀਕਾਰਿਆ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੀਆਂ ਅਸੀਸਾਂ ਅਤੇ ਸਰਕਾਰ ਤੇ ਸੰਗਤ ਦੇ ਸਹਿਯੋਗ ਨਾਲ ਇਹ ਸਮਾਗਮ ਸ਼ਹਾਦਤ, ਏਕਤਾ ਅਤੇ ਆਤਮਿਕ ਬਲ ਦਾ ਪ੍ਰਤੀਕ ਬਣਨਗੇ। ਸਮਾਗਮਾਂ ਰਾਹੀਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ, ਉਪਦੇਸ਼ਾਂ ਅਤੇ ਸ਼ਹੀਦੀ ਸੰਦੇਸ਼ ਨੂੰ ਵਿਸ਼ਾਲ ਪੱਧਰ 'ਤੇ ਲੋਕਾਂ ਤੱਕ ਪਹੁੰਚਾਇਆ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਆਗੂ ਜਸਪਾਲ ਸਿੰਘ ਸਿੱਧੂ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਦਾ ਇਹ ਫ਼ੈਸਲਾ ਸਿਰਫ਼ ਸਿੱਖਾਂ ਲਈ ਨਹੀਂ, ਸਗੋਂ ਸਾਰੇ ਧਰਮਾਂ ਅਤੇ ਭਾਈਚਾਰਿਆਂ ਦਾ ਵੀ ਸਨਮਾਨ ਹੈ। ਇਹ ਸਮਾਗਮ ਨਵੀਂ ਪੀੜ੍ਹੀ ਨੂੰ ਆਪਣੀ ਧਾਰਮਿਕ ਤੇ ਸਭਿਆਚਾਰਕ ਵਿਰਾਸਤ ਨਾਲ ਜੋੜਨ ਵਿੱਚ ਮੀਲ ਪੱਥਰ ਸਾਬਤ ਹੋਣਗੇ। ਉਨ੍ਹਾਂ ਕਿਹਾ ਕਿ ਇਹ ਇਤਿਹਾਸਕ ਕਦਮ ਰਾਸ਼ਟਰੀ ਏਕਤਾ, ਅੰਤਰ-ਧਰਮ ਸਦਭਾਵਨਾ ਅਤੇ ਸਾਂਝੀ ਵਿਰਾਸਤ ਦੇ ਮਾਣ ਨੂੰ ਮਜ਼ਬੂਤ ਕਰੇਗਾ। ਇਨ੍ਹਾਂ ਸਮਾਗਮਾਂ 'ਚ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਸ਼੍ਰੀ ਯੋਗੀ ਆਦਿੱਤਿਆਨਾਥ ਮੌਜੂਦ ਰਹਿਣਗੇ। ਉਨ੍ਹਾਂ ਫੜਨਵੀਸ ਸਰਕਾਰ ਵੱਲੋਂ ਸਰਕਾਰੀ ਸਹੂਲਤਾਂ ਤੋਂ ਵਾਂਝੇ ਰਹੇ ਵਣਜਾਰਾ, ਲੁਬਾਣਾ ਅਤੇ ਸਿਕਲੀਗਰ ਭਾਈਚਾਰਿਆਂ ਨੂੰ "ਭਟਕੇ ਵਿਮੁਕਤ ਜਾਤੀ" ਸ਼੍ਰੇਣੀ ਵਿੱਚ ਸ਼ਾਮਲ ਕਰਕੇ ਸਰਕਾਰੀ ਸਹੂਲਤਾਂ ਦਾ ਹੱਕ ਦੇਣ, ਸਿੱਖ ਗੁਰੂਆਂ ਅਤੇ ਸ਼ਹੀਦਾਂ ਦੀ ਵਿਲੱਖਣ ਵਿਰਾਸਤ ਨੂੰ ਸਿੱਖਿਆ ਰਾਹੀਂ ਨਵੀਂ ਪੀੜ੍ਹੀ ਨੂੰ ਪ੍ਰਦਾਨ ਕਰਨ ਵੱਲ ਇਤਿਹਾਸਕ ਕਦਮ ਚੁੱਕਦੇ ਹੋਏ ਸਰਕਾਰ ਵੱਲੋਂ ਪਾਠਕ੍ਰਮ ਵਿੱਚ ਸਿੱਖ ਸ਼ਹਾਦਤ (1500-1765) 'ਤੇ ਇੱਕ ਚੋਣਵੇਂ ਕੋਰਸ ਨੂੰ ਸ਼ਾਮਲ ਕਰਨ, ਨਾਂਦੇੜ-ਮੁੰਬਈ ਵੰਦੇ ਭਾਰਤ ਰੇਲਗੱਡੀ ਚਲਾਉਣ, ਅਤੇ ਮਹਾਰਾਣੀ ਜਿੰਦਾ ਦੀ ਸਮਾਧ ਦੀ ਮੁੜ ਉਸਾਰੀ ਵਰਗੇ ਕੰਮਾਂ ਲਈ ਸਰਕਾਰ ਦੀ ਸ਼ਲਾਘਾ ਕੀਤੀ। ਰਾਜ ਘਟ ਗਿਣਤੀ ਕਮਿਸ਼ਨ ਦੇ ਮੈਂਬਰ ਚਰਨਦੀਪ ਸਿੰਘ ਹੈਪੀ ਨੇ ਵੀ ਸਰਕਾਰੀ ਐਲਾਨ ਦਾ ਸਵਾਗਤ ਕੀਤਾ ਹੈ।

# ਦਸ਼ਮੇਸ਼ ਕਾਲਜ ਫਾਰ ਵਿਮੈਨ ਦੀਆਂ ਬੀ.ਏ.ਸਮੈਸਟਰ ਚੌਥੇ ਦੀਆਂ ਵਿਦਿਆਰਥਣਾਂ ਦਾ ਨਤੀਜਾ ਰਿਹਾ ਸੌ ਫੀਸਦੀ



**ਚੌਕ ਮਹਿਤਾ, 12 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਬੀ.ਏ.ਸਮੈਸਟਰ ਚੌਥੇ ਦੇ ਐਲਾਨੇ ਗਏ ਨਤੀਜਿਆਂ ਵਿੱਚ ਇਲਾਕੇ ਦੀ ਨਾਮਵਰ ਸੰਸਥਾ ਦਸ਼ਮੇਸ਼ ਕਾਲਜ ਫਾਰ ਵਿਮੈਨ ਮਹਿਤਾ ਚੌਕ ਦੀਆਂ ਵਿਦਿਆਰਥਣਾਂ ਦਾ ਨਤੀਜਾ ਪ੍ਰਸ਼ੰਸਾਯੋਗ ਰਿਹਾ।ਜਿਸ ਵਿੱਚ ਮਮਤਾ (72%)ਅਰਸ਼ਦੀਪ ਕੌਰ,ਕੋਮਲਪ੍ਰੀਤ ਕੌਰ (71%)ਮਨਦੀਪ (69%)ਅੰਕ ਪ੍ਰਾਪਤ ਕਰਕੇ ਕਾਲਜ ਵਿੱਚ ਕ੍ਰਮਵਾਰ ਪਹਿਲਾ,ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ।ਸੰਸਥਾ ਦੇ ਚੈਅਰਮੈਨ ਸ.ਗੁਰਦੀਪ ਸਿੰਘ ਰੰਧਾਵਾ ਨੇ ਵਿਦਿਆਰਥਣਾਂ ਨੂੰ ਵਧਾਈ ਦਿੰਦੇ ਹੋਏ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਲਗਾਤਰ ਮਿਹਨਤ ਕਰਦੇ ਰਹਿਣ ਦੀ ਪ੍ਰੇਰਣਾ ਦਿੱਤੀ ਉਹਨਾਂ ਨੇ ਕਾਲਜ ਦੇ ਮਿਹਨਤੀ ਅਤੇ ਕਾਬਲ ਅਧਿਆਪਕਾਂ ਦੀ ਵੀ ਸ਼ਲਾਘਾ ਕੀਤੀ।ਇਸ ਮੌਕੇ ਚੈਅਰਮੈਨ ਸ.ਗੁਰਦੀਪ ਸਿੰਘ ਰੰਧਾਵਾ ,ਮੈ. ਗੁਰਬੀਰ ਕੌਰ (ਪ੍ਰਿੰਸੀਪਲ)ਮੈ.ਰਵਿੰਦਰ ਕੌਰ (ਕੋਆਰਡੀਨੇਟਰ),ਸਮੂਹ ਕਾਲਜ ਸਟਾਫ ਅਤੇ ਵਿਦਿਆਰਥਣਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਆਪ-ਅੰਮ੍ਰਿਤਸਰ ਦਿਹਾਤੀ ਟ੍ਰੇਡ ਵਿੰਗ ਦੀ ਮੀਟਿੰਗ 'ਚ ਵਪਾਰ ਨੂੰ ਵਧਾਵਾ ਦੇਣ 'ਤੇ ਜ਼ੋਰ,ਸ਼ੀਤਲ ਜਨੇਜਾ,ਅਭਿਸ਼ੇਕ ਬੰਸ਼ਲ



**ਚੌਕ ਮਹਿਤਾ 12 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਆਮ ਆਦਮੀ ਪਾਰਟੀ ਟ੍ਰੇਡ ਵਿੰਗ ਦੇ ਸੂਬਾ ਪ੍ਰਧਾਨ ਸ਼੍ਰੀ ਅਨਿਲ ਠਾਕੁਰ ਦੇ ਨਿਰਦੇਸ਼ ਅਨੁਸਾਰ ਅੱਜ ਅੰਮ੍ਰਿਤਸਰ ਦਿਹਾਤੀ ਜ਼ਿਲ੍ਹਾ ਪ੍ਰਧਾਨ ਸ਼੍ਰੀ ਅਭੀਸ਼ੇਕ ਬੰਸਲ ਦੇ ਨਿਵਾਸ ਸਥਾਨ 'ਤੇ ਟ੍ਰੇਡ ਵਿੰਗ ਦੀ ਇੱਕ ਮਹੱਤਵਪੂਰਨ ਮੀਟਿੰਗ ਕਰਵਾਈ ਗਈ। ਇਸ ਮੀਟਿੰਗ ਵਿੱਚ ਮੁੱਖ ਤੌਰ 'ਤੇ ਮਾਝਾ ਜ਼ੋਨ ਇੰਚਾਰਜ ਸ਼੍ਰੀ ਸ਼ੀਤਲ ਜੁਨੇਜਾ ਜੀ ਖਾਸ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਦੌਰਾਨ ਸਾਰੇ ਹਾਜ਼ਰ ਕੋਆਰਡੀਨੇਟਰਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਪਾਰਟੀ ਦੇ ਸੰਗਠਨ ਨੂੰ ਮਜ਼ਬੂਤ ਕਰਨ ਸਬੰਧੀ ਰਣਨੀਤੀ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਸਾਰੇ ਹਲਕਾ ਕੋਆਰਡੀਨੇਟਰਾਂ ਨੇ ਭਰੋਸਾ ਦਿਵਾਇਆ ਕਿ ਪਾਰਟੀ ਵੱਲੋਂ ਸੌਂਪੀ ਗਈ ਹਰ ਜ਼ਿੰਮੇਵਾਰੀ ਨੂੰ ਪੂਰੀ ਲਗਨ ਤੇ ਇਮਾਨਦਾਰੀ ਨਾਲ ਨਿਭਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਦੀ ਮਜ਼ਬੂਤੀ ਅਤੇ ਵਪਾਰੀ ਵਰਗ ਦੀ ਤਰੱਕੀ ਲਈ ਟ੍ਰੇਡ ਵਿੰਗ ਹਮੇਸ਼ਾਂ ਅਗੇ ਰਹਿ ਕੇ ਕੰਮ ਕਰੇਗੀ। ਅਤੇ ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸ਼ਮਾ ਕੋਆਡੀਨੇਟਰ ਟ੍ਰੇਡ ਵਿੰਗ ਹਲਕਾ ਜੰਡਿਆਲਾ ਗੁਰੂ ਨੇ ਪੱਤਰਕਾਰ ਨਾਲ ਇਕ ਸਾਝੇ ਤੋਰ ਗੱਲਬਾਤ ਦੌਰਾਨ ਕੀਤੀ। ਟ੍ਰੇਡ ਵਿੰਗ ਦੇ ਨੇਤਾਵਾਂ ਨੇ ਇਹ ਵੀ ਕਿਹਾ ਕਿ ਵਪਾਰੀ ਵਰਗ ਦੀਆਂ ਸਮੱਸਿਆਵਾਂ ਜਿਵੇਂ ਕਿ ਟੈਕਸ ਨਾਲ ਜੁੜੀਆਂ ਪਰੇਸ਼ਾਨੀਆਂ, ਮਾਰਕੀਟਾਂ ਦੀ ਸੁਰੱਖਿਆ, ਢਾਂਚਾਗਤ ਸੁਵਿਧਾਵਾਂ ਦੀ ਘਾਟ ਅਤੇ ਛੋਟੇ ਵਪਾਰੀਆਂ ਨੂੰ ਪ੍ਰੋਤਸਾਹਨ ਦੇਣ ਵਾਲੇ ਮਸਲੇ 'ਤੇ ਆਪ ਹਮੇਸ਼ਾਂ ਉਨ੍ਹਾਂ ਦੇ ਨਾਲ ਖੜੀ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਵਪਾਰੀਆਂ ਦੀ ਆਵਾਜ਼ ਸਰਕਾਰ ਤਕ ਪਹੁੰਚਾਉਣ ਅਤੇ ਉਨ੍ਹਾਂ ਲਈ ਬਿਹਤਰ ਮਾਹੌਲ ਬਣਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਇਸ ਮੌਕੇ 'ਤੇ ਕੁਲਵੰਤ ਸਿੰਘ, ਹਰਿੰਦਰ ਗਿੱਲ, ਜਗਜੀਤ ਰੰਧਾਵਾ ਅਮਰਜੀਤ ਜਲਾਲ ਉਸ਼ਮਾ, ਰਾਜੀਵ ਭੰਡਾਰੀ,ਅਵਿਨਾਸ਼ ਗ੍ਰੋਵਰ ,ਵਰਮਾ ਸਮੇਤ ਪਾਰਟੀ ਦੇ ਹੋਰ ਸੀਨੀਅਰ ਨੇਤਾ ਵੀ ਮੌਜੂਦ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV

# ਆਂਗਨਵਾੜੀ ਕੇਂਦਰ ਸ੍ਰੀ ਰਵਿਦਾਸ ਨਗਰ 'ਚ ਈ.ਸੀ.ਸੀ.ਈ ਦਿਵਸ ਮਨਾਇਆ

**ਹੁਸ਼ਿਆਰਪੁਰ, 13 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਡਾਇਰੈਕਟਰ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਵਿਭਾਗ, ਪੰਜਾਬ ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗਗਨਦੀਪ ਸਿੰਘ ਅਤੇ ਸੀ.ਡੀ.ਪੀ.ਓ ਹੁਸ਼ਿਆਰਪੁਰ-1 ਰਵਿੰਦਰ ਕੌਰ ਦੀ ਅਗਵਾਈ ਹੇਠ ਅੱਜ ਸ਼੍ਰੀ ਰਵਿਦਾਸ ਨਗਰ ਸਥਿਤ ਆਂਗਨਵਾੜੀ ਕੇਂਦਰ ਵਿਖੇ ਈ.ਸੀ.ਸੀ.ਈ ਦਿਵਸ ਮਨਾਇਆ ਗਿਆ। ਇਸ ਪ੍ਰੋਗਰਾਮ ਵਿਚ ਮਿਸ਼ਨ ਆਰੰਭ ਦੇ ਪ੍ਰੋਗਰਾਮ ਮੈਨੇਜਰ ਸੁਖਚੈਨ ਸਿੰਘ, ਸੁਪਰਵਾਈਜ਼ਰ, ਤਿੰਨ ਤੋਂ ਛੇ ਸਾਲ ਦੀ ਉਮਰ ਦੇ ਬੱਚੇ, ਉਨ੍ਹਾਂ ਦੀਆਂ ਮਾਵਾਂ ਅਤੇ ਇਲਾਕੇ ਦੇ ਪਤਵੰਤੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਏ। ਇਸ ਮੌਕੇ ਮਾਰਕੀਟ ਕਮੇਟੀ ਹੁਸ਼ਿਆਰਪੁਰ ਦੇ ਚੇਅਰਮੈਨ ਜਸਪਾਲ ਸਿੰਘ ਚੇਚੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਪ੍ਰੋਗਰਾਮ ਦੌਰਾਨ ਬੱਚਿਆਂ ਤੋਂ ਵੱਖ-ਵੱਖ ਤਰ੍ਹਾਂ ਦੀਆਂ ਈ.ਸੀ.ਸੀ.ਈ ਗਤੀਵਿਧੀਆਂ ਕਰਵਾਈਆਂ ਗਈਆਂ। ਸੁਪਰਵਾਈਜ਼ਰ ਰਜਿੰਦਰ ਕੌਰ ਨੇ ਬੱਚਿਆਂ ਨਾਲ ਕਵਿਤਾਵਾਂ ਗਾਈਆਂ ਅਤੇ ਹੱਥਾਂ ਦੀ ਸਫ਼ਾਈ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਬੱਚਿਆਂ ਅਤੇ ਮਾਵਾਂ ਨੂੰ ਹੱਥ ਧੋਣ ਦਾ ਸਹੀ ਤਰੀਕਾ ਦੱਸਿਆ ਗਿਆ। ਸੀ.ਡੀ.ਪੀ.ਓ ਰਵਿੰਦਰ ਕੌਰ ਨੇ ਮਾਵਾਂ ਨੂੰ ਅਪੀਲ ਕੀਤੀ ਕਿ ਉਹ ਹੜ੍ਹ ਤੋਂ ਬਾਅਦ ਦੀ ਸਥਿਤੀ ਦੇ ਮੱਦੇਨਜ਼ਰ ਬੱਚਿਆਂ ਦੀ ਸਿਹਤ ਵੱਲ ਵਿਸ਼ੇਸ਼ ਧਿਆਨ ਦੇਣ। ਉਨ੍ਹਾਂ ਨੇ ਉਨ੍ਹਾਂ ਨੂੰ ਉਬਾਲ ਕੇ ਪਾਣੀ ਪੀਣ ਅਤੇ ਡੇਂਗੂ ਤੋਂ ਬਚਾਅ ਲਈ ਉਪਾਅ ਅਪਣਾਉਣ ਦੀ ਸਲਾਹ ਦਿੱਤੀ। ਇਸ ਮੌਕੇ ਜਸਪਾਲ ਸਿੰਘ ਚੇਚੀ ਨੇ ਬੱਚਿਆਂ ਨੂੰ ਕਾਪੀਆਂ, ਪੈਨਸਿਲਾਂ ਅਤੇ ਚਾਕਲੇਟ ਵੰਡੇ ਅਤੇ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਤੋਂ ਇਲਾਵਾ ਆਂਗਣਵਾੜੀ ਕੇਂਦਰ ਵਿਚ ਬੱਚਿਆਂ ਨੂੰ ਪਕਾਇਆ ਹੋਇਆ ਪੌਸ਼ਟਿਕ ਭੋਜਨ ਵੀ ਮੁਹੱਈਆ ਕਰਵਾਇਆ ਗਿਆ। ਪ੍ਰੋਗਰਾਮ ਦੇ ਅਖੀਰ ਵਿਚ ਸਰਕਲ ਸੁਪਰਵਾਈਜ਼ਰ ਗੀਤਾ ਰਾਣੀ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਆਂਗਨਵਾੜੀ ਵਰਕਰ ਪ੍ਰੀਤੀ, ਆਂਗਨਵਾੜੀ ਸਹਾਇਕ, ਸੁਪਰਵਾਈਜ਼ਰ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਜਮੀਅਤ ਉਲੇਮਾ-ਏ-ਹਿੰਦ ਜਾਨਿਬ ਨੇ ਪੰਜਾਬ ਵਿੱਚ ਆਏ

# ਹੜ੍ਹ ਪੀੜਤਾਂ ਦੇ ਲਈ ਰਾਹਤ ਸਮੱਗਰੀ ਦੇ ਲਾਏ ਰਾਹਤ ਕੈਂਪ


















**ਫਿਰੋਜ਼ਪੁਰ, 13 ਸਤੰਬਰ (ਸੁਖਮੰਦਰ ਸਿੰਘ ਸ਼ਾਂਤ)**-ਜਮੀਅਤ ਉਲੇਮਾ ਮੇਵਾਤ ਦੇ ਪ੍ਰੈਸ ਸੈਕਟਰੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਮੇਵਾਤੀ ਖੇਮਾ ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਨਿਹਾਲਾ ਲਵੇਰਾ ਵਿੱਚ ਰਾਹਤ ਕੈਂਪ ਲਗਾਇਆ ਗਿਆ। ਜਿੱਥੇ ਹੜਾ ਦੀ ਵਜ੍ਹਾ ਕਰਕੇ ਪੀੜਤ ਲੋਕਾਂ ਨੂੰ ਦੇਖ ਲਈ ਜੁਮੀਅਤ ਓਲੇਮਾ ਏ ਹਿੰਦ ਦੇ ਸੈਕਟਰੀ ਮੋਲਾਨਾ ਹਕੀਮਦੀਨ ਕਾਇਮੀ ਸਾਬ ਨੇ ਹੜ ਪੀੜਤ ਪਰਿਵਾਰਾਂ ਦਾ ਹਾਲ ਚਾਲ ਦੇਖਣ ਲਈ ਆਏ,ਅਤੇ ਲੋਕਾਂ ਦੀ ਹਰ ਤਰ੍ਹਾਂ ਦੀ ਮੱਦਦ ਕਰਨ ਲਈ ਕਿਹਾ ਖਾਸ ਤੌਰ ਤੇ ਮੇਵਾਤ ਕੇ ਪਲਵਨ ਦੀ ਸਾਰੀ ਟੀਮ ਜੋ ਨਿਹਾਲਾ ਲਵੇਰਾ ਵਿੱਚ ਮਿਵਾਤੀ ਖੇਮਾ ਦੀ ਟੀਮ ਨੇ ਹੜ ਪੀੜਤ ਲੋਕਾਂ ਲਈ ਲੰਗਰ ਵੀ ਲਗਾ ਕੇ ਹਰ ਇਕ ਘਰ ਵਿਚ ਰਾਹਤ ਸਮੱਗਰੀ ਪਹੁੰਚਣਾਈ ਪ੍ਰੈਸ ਸੈਕਟਰੀ ਨੇ ਕਿਹਾ ਕੇ ਜਦੋ ਤੋ ਹੜ ਆਏ ਅਸੀਂ ਪੰਜਾਬ ਦੇ ਫਿਰੋਜ਼ਪੁਰ ਵਿਚ ਪਹੁੰਚ ਕੇ ਲਗਾਤਾਰ ਲੰਗਰ ਚਲਾਏ ਜੋ ਸਿੱਖ ਭਾਈਚਾਰੇ ਦੇ ਵੀਰਾਂ ਦੀ ਪਰਾਪਰਾ ਸੀ ਅਸੀਂ ਉਸ ਦਿਨ ਤੋਂ ਹੀ ਬੇੜੀਆ ਦੇ ਨਾਂਲ ਪਾਣੀ ਦੇ ਵਿੱਚ ਲੋਕਾਂ ਤੱਕ ਸਮਾਨ ਰਾਸ਼ਨ ਪਹੁੰਚਾਇਆ, ਸੈਕਰੀ ਮੌਲਾਨਾ ਨੇ ਪੰਜਾਬ ਦੇ ਲੋਕਾਂ ਦੀ ਬਹੁਤ ਤਾਰੀਫ ਕੀਤੀ ਤੇ ਕਿਹਾ ਕਿ ਪੰਜਾਬੀ ਲੋਕਾਂ ਦੇ ਦਿਲ ਬਹੁਤ ਵੱਡੇ ਹਨ ਕਿ ਏਡੀ ਵੱਡੀ ਮੁਸੀਬਤ ਦੇ ਵਿੱਚ ਵੀ ਉਹ ਸਾਨੂੰ ਬੜੇ ਖੁਸ਼ ਹੋ ਕੇ ਮਿਲੇ ਤੇ ਸਾਡੀ ਬਹੁਤ ਆਓ ਭਗਤ ਕੀਤੀ। ਮਵਾਤ ਦੇ ਮੁਸਲਮਾਨ ਭਾਈਚਾਰੇ ਨੇ ਸਿੱਖ ਹਿੰਦੂ ਮੁਸਲਮਾਨ ਤੇ ਇਸਾਈ ਸਾਰਿਆਂ ਦਾ ਜਿੱਤਿਆ ਦਿਲ।ਪੰਜਾਬ ਵਿੱਚ ਆਏ ਹਾੜ੍ਹਾ ਦੇ ਵਿੱਚ ਮੁਸਲਮਾਨ ਭਾਈਚਾਰੇ ਨੇ ਪੰਜਾਬੀਆਂ ਦੀ ਸਹਾਇਤਾ ਕਰਕੇ ਸਾਂਝੀਵਾਲਤਾ ਤੇ ਭਾਈਚਾਰਕ ਸਾਂਝ ਦਾ ਸਨੇਹ ਦਿੱਤਾ। ਪੰਜਾਬੀ ਲੋਕ ਮੇਵਾਤੀ ਮੁਸਲਮਾਨਾਂ ਤੂੰ ਖੁਸ਼ ਹਨ ਕਿਉਂਕਿ ਉਹਨਾਂ ਦੁੱਖ ਦਾ ਸਮੇ ਪੰਜਾਬ ਦੀ ਹਰ ਤਰਾ ਦੀ ਮੱਦਦ ਕੀਤੀ। ਜਮੀਅਤ ਉਲੇਮਾ ਜ਼ਿਲ੍ਹਾ ਪਲਵਲ ਮੇਵਾਤ! ਅਧਿਕਾਰੀ ਮੋਲਾਨਾ ਇਕਰਾਮੂਦੀਨ, ਸਦਰ ਸਾਹਬ ਕਾਰੀ ਅਲੀ ਸਾਹਬ, ਨਾਇਬ ਸਦਰ ਮੋਲਾਨਾ ਮੁਸ਼ਤਾਕ, ਪ੍ਰੈਸ ਸਕੱਤਰ ਮੋਲਾਨਾ ਅਕਰਮ, ਸਕੱਤਰ ਸ ਕਾਰੀ ਰਫੀਕ ਸਾਹਬ, ਖਜ਼ੀਨ ਮੁਫਤੀ ਜ਼ਰਾਰ ਸਾਹਿਬ, ਨਾਇਬ ਸਕੱਤਰ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਅੱਜ 14 ਸਤੰਬਰ ਨੂੰ ਜਨਮ ਦਿਨ 'ਤੇ ਵਿਸ਼ੇਸ਼

# .ਗਦਰੀ ਬਾਬਾ ਬਲਵੰਤ ਸਿੰਘ ਕੈਨੇਡੀਅਨ



**ਦੂਜੇ ਲਾਹੌਰ** ਸਾਜਿਸ਼ ਕੇਸ ਵਿੱਚ ਲਾਹੌਰ ਜੇਲ੍ਹ ਵਿੱਚ ਫਾਂਸੀ ਦਾ ਰੱਸਾ ਚੁੰਮਣ ਵਾਲਾ ਮਹਾਨ ਸ਼ਹੀਦ ਗ਼ਦਰੀ ਬਾਬਾ ਬਲਵੰਤ ਸਿੰਘ ਕੈਨੇਡੀਅਨ ਅਜਿਹਾ ਸੂਰਬੀਰ ਯੋਧਾ ਸੀ, ਜਿਸ ਨੇ ਭਰ ਜਵਾਨੀ ਵਿੱਚ ਸ਼ਹਾਦਤ ਦਾ ਜਾਮ ਪੀਤਾ ।ਭਾਈ ਬਲਵੰਤ ਸਿੰਘ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਉੱਘੇ ਪਿੰਡ ਖੁਰਦਪੁਰ (ਨੇੜੇ ਆਦਮਪੁਰ) ਵਿਖੇ ਸ।ਬੁੱਧ ਸਿੰਘ ਦੇ ਗ੍ਰਹਿ ਵਿਖੇ 14 ਸਤੰਬਰ, 1882 ਈ: ਨੂੰ ਹੋਇਆ ।ਭਾਈ ਬਲਵੰਤ

ਆਵਾਜ਼ਿ ਕੌਮ AWAZE QAUM
International Newspaper & WEB TV

ਸਿੰਘ ਨੇ ਆਦਮਪੁਰ ਦੇ ਮਿਡਲ ਸਕੂਲ ਤੋਂ ਪੜ੍ਹਾਈ ਸ਼ੁਰੂ ਕੀਤੀ ।ਪਰ ਉਸ ਸਮੇਂ ਬਾਲ ਵਿਆਹ ਦੀ ਰਸਮ ਪ੍ਰਚੱਲਤ ਸੀ, ਵਿਆਹ ਤੋਂ ਉਪਰੰਤ ਪੜ੍ਹਾਈ ਵਿੱਚ-ਵਿਚਾਲੇ ਹੀ ਛੱਡ ਦਿੱਤੀ ।ਭਰ ਜਵਾਨੀ ਵਿੱਚ ਪੈਰ ਧਰਦਿਆਂ ਫੌਜ ਵਿੱਚ ਭਰਤੀ ਹੋ ਗਿਆ ।ਜਦੋਂ ਭਾਈ ਬਲਵੰਤ ਸਿੰਘ ਦੀ ਪਲਟਨ ਗਰਦਾਨ (ਪਾਕਿਸਤਾਨ) ਵਿੱਚ ਸੀ ਤਾਂ ਇਨ੍ਹਾਂ ਦੀ ਸ਼ਖ਼ਸੀਅਤ ਉੱਤੇ ਪੰਜਾਬ ਦੀ ਪ੍ਰਸਿੱਧ ਧਾਰਮਿਕ ਹਸਤੀ ਬਾਬਾ ਕਰਮ ਸਿੰਘ ਹੋਤੀ ਮਰਦਾਨ ਦੀ ਸੰਗਤ ਦਾ ਅਜਿਹਾ ਅਸਰ ਹੋਇਆ, ਜਿਸ ਸਦਕਾ ਆਪ ਜੀ ਦਾ ਨਿਸ਼ਚਾ ਤੇ ਵਿਸ਼ਵਾਸ ਸਿੱਖ ਧਰਮ ਵਿੱਚ ਪਰਪੱਕ ਹੋ ਗਿਆ ।23 ਸਾਲ ਦੀ ਉਮਰ ਵਿੱਚ ਫੌਜ ਦੀ ਨੌਕਰੀ ਛੱਡ ਕੇ ਛੇਤੀ ਹੀ 1906 ਈ: ਵਿੱਚ ਕੈਨੇਡਾ ਚਲਾ ਗਿਆ ।ਉਥੇ ਜਾ ਕੇ ਵੈਨਕੂਵਰ ਵਿੱਚ ਪਹਿਲਾ ਗੁਰੂ ਘਰ ਬਨਾਉਣ ਵਿੱਚ ਭਰਪੂਰ ਯੋਗਦਾਨ ਪਾਇਆ ।ਸਿੱਖ ਸੰਗਤ ਨੇ ਇਨ੍ਹਾਂ ਨੂੰ ਸਿੱਖੀ ਵਿੱਚ ਪਰਪੱਕ ਵੇਖਦਿਆਂ ਗੁਰਦੁਆਰਾ ਸਾਹਿਬ ਦਾ ਗ੍ਰੰਥੀ ਨਿਯੁਕਤ ਕਰ ਦਿੱਤਾ ।ਇਸੇ ਕਰਕੇ ਭਾਈ ਸ਼ਬਦ ਆਪ ਜੀ ਦੇ ਨਾਂਅ ਨਾਲ ਪੱਕੇ ਤੌਰ 'ਤੇ ਜੁੜ ਗਿਆ ।ਕੈਨੇਡਾ ਸਰਕਾਰ ਨੇ 1908 ਈ: ਵਿੱਚ ਫੈਸਲਾ ਕੀਤਾ ਕਿ ਬ੍ਰਿਟਿਸ਼ ਕੋਲੰਬੀਆ (ਬੀ।ਸੀ।) ਵਿੱਚ ਰਹਿਣ ਵਾਲੇ ਹਿੰਦੁਸਤਾਨੀਆਂ ਨੂੰ ਅਮਰੀਕਾ ਦੀ ਹੌਂਡਰਸ ਕਾਲੋਨੀ ਵਿੱਚ ਅਬਾਦ ਕੀਤਾ ਜਾਵੇ ।ਪਰ ਭਾਈ ਬਲਵੰਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਇਸ ਸਰਕਾਰੀ ਨੀਤੀ ਦੀ ਵਿਰੋਧਤਾ ਕੀਤੀ । 1909 ਈ: ਵਿੱਚ ਹਿੰਦੁਸਤਾਨ ਐਸੋਸੀਏਸ਼ਨ ਦੀ ਸਥਾਪਨਾ ਕੀਤੀ ।ਇਸ ਸੰਸਥਾ ਦੇ ਖਜ਼ਾਨਚੀ ਭਾਈ ਬਲਵੰਤ ਸਿੰਘ ਨੂੰ ਨਿਯੁਕਤ ਕੀਤਾ ਗਿਆ।

-ਭਗਵਾਨ ਸਿੰਘ ਜੌਹਲ
bhagwansinghjohal@gmail.com
ਮੋਬਾਈਲ : 98143-24040



ਇਸ ਐਸੋਸੀਏਸ਼ਨ ਦੇ ਸਾਰੇ ਹਿੰਦੁਸਤਾਨੀ ਪ੍ਰਵਾਸੀ ਮੈਂਬਰਾਂ ਨੇ ਕੈਨੇਡਾ ਸਰਕਾਰ ਵੱਲੋਂ ਭਾਰਤੀਆਂ ਦੇ ਪਰਿਵਾਰਾਂ ਨੂੰ ਕੈਨੇਡਾ ਨਾ ਆਉਣ ਦੇ ਯਤਨਾਂ ਵਿਰੁੱਧ ਅਵਾਜ਼ ਉਠਾਈ ।1911 ਈ: ਵਿੱਚ ਭਾਈ ਭਾਗ ਸਿੰਘ ਭਿੱਖੀਵਿੰਡ ਨਾਲ ਵਾਪਸ ਹਿੰਦੁਸਤਾਨ ਆ ਕੇ ਅਨੇਕਾਂ ਔਕੜਾਂ ਅਤੇ ਕਠਿਨਾਈਆਂ ਦੇ ਬਾਵਜੂਦ ਆਪਣੇ ਪਰਿਵਾਰ ਸਮੇਤ ਜਨਵਰੀ, 1912 ਈ: ਵਿੱਚ ਵੈਨਕੂਵਰ ਪਹੁੰਚੇ ।22 ਫਰਵਰੀ, 1913 ਈ: ਨੂੰ ਖ਼ਾਲਸਾ ਦੀਵਾਨ ਸੁਸਾਇਟੀ ਅਤੇ ਯੂਨਾਈਟਿਡ ਇੰਡੀਆ ਲੀਗ ਦੀ ਸਾਂਝੀ ਇਕੱਤਰਤਾ ਵਿੱਚ ਇਹ ਫੈਸਲਾ ਸਰਬਸੰਮਤੀ ਨਾਲ ਕੀਤਾ ਗਿਆ ਕਿ ਇੰਗਲੈਂਡ ਅਤੇ ਹਿੰਦੁਸਤਾਨ ਦੋਨਾਂ ਦੇਸ਼ਾਂ ਵਿੱਚ ਜਾ ਕੇ ਬ੍ਰਿਟਿਸ਼ ਸਰਕਾਰ ਨੂੰ ਆਪਣੀਆਂ ਮੁਸ਼ਿਕਲਾਂ ਦੂਰ ਕਰਨ ਲਈ ਮੰਗ ਪੱਤਰ ਦਿੱਤਾ ਜਾਵੇ ।ਇਸ ਕਾਰਜ ਲਈ ਭਾਈ ਬਲਵੰਤ ਸਿੰਘ, ਭਾਈ ਨੰਦ ਸਿੰਘ, ਭਾਈ ਨਾਰਾਇਣ ਸਿੰਘ 'ਤੇ ਆਧਾਰਿਤ ਇਕ ਪ੍ਰਤੀਨਿੱਧੀ ਮੰਡਲ ਦੋਨਾਂ ਦੇਸ਼ਾਂ ਵਿੱਚ ਭੇਜਣ ਲਈ ਸਮਾਂ ਨਿਸ਼ਿਚਤ ਕੀਤਾ ਗਿਆ ।ਪਰ ਦੋਵਾਂ ਦੇਸ਼ਾਂ ਵਿੱਚ ਅੰਗ੍ਰੇਜ਼ ਸਰਕਾਰ ਨੇ ਕੋਈ ਸਹਿਯੋਗ ਨਾ ਦਿੱਤਾ ।ਕੈਨੇਡਾ ਪਰਤਣ ਸਮੇਂ ਭਾਈ ਬਲਵੰਤ ਸਿੰਘ ਦਾ ਮਿਲਾਪ ਕਾਮਾਗਾਟਾਮਾਰੂ ਜਹਾਜ਼ ਵਾਲੇ ਬਾਬਾ ਗੁਰਦਿੱਤ ਸਿੰਘ ਨਾਲ ਹੋਇਆ ।ਬਾਬਾ ਗੁਰਦਿੱਤ ਸਿੰਘ ਨੂੰ ਹਰ ਔਕੜ ਸਮੇਂ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ ।ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਕੈਨੇਡਾ ਵਿੱਚ ਦਾਖਲ ਨਾ ਹੋਣ ਦੇਣ ਦੇ ਵਿਰੋਧ ਵਿੱਚ ਸਾਰੇ ਪ੍ਰਵਾਸੀ ਹਿੰਦੁਸਤਾਨੀਆਂ ਵਿੱਚ ਅੰਤ ਦਾ ਗੁੱਸਾ ਸੀ ।ਇਨ੍ਹਾਂ ਸਾਰੇ ਪ੍ਰਵਾਸੀਆਂ ਨੇ ਗ਼ਦਰ ਪਾਰਟੀ ਨਾਲ ਸੰਪਰਕ ਬਣਾਇਆ ।ਪਰ ਅੰਗ੍ਰੇਜ਼ ਸਰਕਾਰ ਦਾ ਵਤੀਰਾ ਹੋਰ ਵੀ ਸਖ਼ਤ ਹੋ ਗਿਆ।

ਸਰਕਾਰ ਦੇ ਇੰਮੀਗ੍ਰੇਸ਼ਨ ਇੰਸਪੈਕਟਰ ਵਿਲੀਅਮ ਹਾਪਨਿਕਸ ਨੇ 5 ਸਤੰਬਰ, 1914 ਈ: ਨੂੰ ਵੈਨਕੂਵਰ ਦੇ ਗੁਰਦੁਆਰਾ ਕੰਪਲੈਕਸ ਵਿੱਚ ਦੋ ਬੰਦੇ ਗੋਲੀਆਂ ਮਾਰ ਕੇ ਮਾਰ ਦਿੱਤੇ ।ਇਨ੍ਹਾਂ ਸ਼ਹਾਦਤਾਂ ਦੇ ਰੋਸ ਵਜੋਂ 21 ਅਕਤੂਬਰ 1914 ਈ: ਨੂੰ ਪ੍ਰਵਾਸੀ ਭਾਰਤੀ ਭਾਈ ਸੇਵਾ ਸਿੰਘ ਨੇ ਸ਼ਹਿਰ ਦੀ ਕਚਹਿਰੀ ਵਿੱਚ ਹੀ ਵਿਲੀਅਮ ਹਾਪਨਿਕਸ ਨੂੰ ਗੋਲੀਆਂ ਨਾਲ ਉਡਾ ਦਿੱਤਾ ।ਇਸ ਕਤਲ ਦੀ ਸਾਜਿਸ਼ ਅਤੇ ਸ਼ੱਕ ਵਿੱਚ ਭਾਈ ਬਲਵੰਤ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ।ਇਸ ਪਿੱਛੋਂ ਭਾਈ ਬਲਵੰਤ ਸਿੰਘ ਨੂੰ ਕੈਨੇਡਾ ਵਿੱਚੋਂ ਕੱਢ ਦਿੱਤਾ ਗਿਆ ।ਇਥੋਂ ਆਪ ਸਿੰਘਾਈ ਪੁੱਜੇ ਅਤੇ ਪੂਰੇ ਹਿੰਦੁਸਤਾਨ ਦੇ ਲੋਕਾਂ ਦੀਆਂ ਔਕੜਾਂ ਨੂੰ ਦੇਖਦਿਆਂ ਗ਼ਦਰ ਲਹਿਰ ਦੇ ਹੱਕ ਵਿੱਚ ਪ੍ਰਚਾਰ ਸ਼ੁਰੂ ਕਰ ਦਿੱਤਾ ।ਭਾਈ ਬਲਵੰਤ ਸਿੰਘ 1915 ਈ: ਵਿੱਚ ਥਾਈਲੈਂਡ ਗਏ ਅਤੇ ਅਮਰੀਕਾ ਤੋਂ ਆ ਕੇ ਸਾਰੇ ਗ਼ਦਰੀ ਬਾਬਿਆਂ ਨੂੰ ਮਿਲੇ, ਜੋ ਬਰਮਾ ਵਿੱਚ ਅੰਗ੍ਰੇਜ਼ ਦੇ ਵਿਰੋਧ ਵਿੱਚ ਬਗ਼ਾਵਤ ਖੜ੍ਹੀ ਕਰਨਾ ਚਾਹੁੰਦੇ ਸਨ ।ਭਾਈ ਬਲਵੰਤ ਸਿੰਘ ਇਥੇ ਆ ਕੇ ਸਖ਼ਤ ਬਿਮਾਰ ਹੋ ਗਏ, ਜਦੋਂ ਹਸਪਤਾਲ ਪੁੱਜੇ ਤਾਂ ਇਥੋਂ ਉਨ੍ਹਾਂ ਨੂੰ ਬਿਮਾਰੀ ਦੀ ਹਾਲਤ ਵਿੱਚ ਗ੍ਰਿਫਤਾਰ ਕਰਕੇ ਹਿੰਦੁਸਤਾਨ ਲਿਆਂਦਾ ਗਿਆ ।ਇਥੇ ਆਕੇ ਭਾਈ ਬਲਵੰਤ ਸਿੰਘ ਵਰਗੇ ਅਣਖੀ ਯੋਧੇ 'ਤੇ ਦੂਜੇ ਲਾਹੌਰ ਸਾਜਿਸ਼ ਕੇਸ ਅਧੀਨ ਮੁਕੱਦਮਾ ਚਲਾਇਆ ਗਿਆ ।ਅੰਤ 30 ਮਾਰਚ, 1917 ਈ: ਵਿੱਚ ਇਸ ਸੂਰਬੀਰ ਨੂੰ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਫੰਦੇ 'ਤੇ ਲਟਕਾਇਆ ਗਿਆ ।ਇਸ ਤਰ੍ਹਾਂ ਇਹ ਬਹਾਦਰ ਸੂਰਬੀਰ 35 ਕੁ ਸਾਲ ਦੀ ਜਵਾਨੀ ਦੀ ਉਮਰ ਵਿੱਚ ਹਿੰਦੁਸਤਾਨ ਦੇ ਗਲੋਂ ਗੁਲਾਮੀ ਦਾ ਤੌਕ ਲਾਹੁਣ ਲਈ ਸ਼ਹਾਦਤ ਦਾ ਜਾਮ ਪੀ ਗਿਆ ।ਅੱਜ ਕੇਵਲ ਉਨ੍ਹਾਂ ਦੀ ਯਾਦ ਹੀ ਬਾਕੀ ਹੈ। ••

ਐਲੀਮੈਂਟਰੀ ਟੀਚਰਜ਼ ਯੂਨੀਅਨ ਨੇ

# ਹੜ੍ਹ ਪੀੜਤਾਂ ਲਈ ਡਿਪਟੀ ਕਮਿਸ਼ਨਰ ਨੂੰ ਦਿੱਤਾ 2 ਲੱਖ ਰੁਪਏ ਦਾ ਚੈੱਕ



**ਜੰਡਿਆਲਾ ਗੁਰੂ ,13 ਸਤੰਬਰ ( ਕੁਲਵੰਤ ਸਿੰਘ ਵਿਰਦੀ )**-ਐਲੀਮੈਂਟਰੀ ਟੀਚਰਜ਼ ਯੂਨੀਅਨ ਅੰਮ੍ਰਿਤਸਰ (ਰਜਿ.) ਵੱਲੋਂ ਜਥੇਬੰਦੀ ਦੇ ਸੂਬਾ ਪ੍ਰਧਾਨ ਹਰਜਿੰਦਰਪਾਲ ਸਿੰਘ ਪੰਨੂ ਦੀ ਅਗਵਾਈ ਹੇਠ ਹੜ੍ਹ ਰਾਹਤ ਫੰਡ ਵਿੱਚ ਯੋਗਦਾਨ ਪਾਉਂਦਿਆਂ ਅੱਜ ਮਾਣਯੋਗ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਨੂੰ 2 ਲੱਖ ਰੁਪਏ ਦਾ ਚੈੱਕ ਸੌਂਪਿਆ ਗਿਆ ।ਇਸ ਦੌਰਾਨ ਗੱਲਬਾਤ ਕਰਦਿਆਂ ਸੂਬਾ ਪ੍ਰਧਾਨ ਪੰਨੂ ਨੇ ਦੱਸਿਆ ਕਿ ਹੜ੍ਹਾਂ ਕਾਰਨ ਅੰਮ੍ਰਿਤਸਰ ਜ਼ਿਲ੍ਹੇ ਅੰਦਰ

ਆਵਾਜ਼ਿ ਕੌਮ AWAZE QAUM
International Newspaper & WEB TV

ਲੋਕਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਇਸ ਲਈ ਸਾਡੇ ਜਥੇਬੰਦੀ ਨੇ ਇਸ ਔਖੀ ਘੜੀ 'ਚ ਹੜ੍ਹ ਪ੍ਰਭਾਵਿਤ ਲੋਕਾਂ ਦੇ ਮੁੜ ਵਸੇਬੇ ਲਈ ਅੱਜ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੂੰ ਜਿੱਥੇ ਰਾਹਤ ਫੰਡ ਵੱਜੋਂ 2 ਲੱਖ ਰੁਪਏ ਦਾ ਚੈੱਕ ਦਿੱਤਾ ਗਿਆ ਹੈ ਉੱਥੇ ਹੀ ਡਿਪਟੀ ਕਮਿਸ਼ਨਰ ਮੈਡਮ ਵੱਲੋਂ ਦਿਨ-ਰਾਤ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਜੋ ਹੜ੍ਹ ਪ੍ਰਭਾਵਿਤ ਲੋਕਾਂ ਦੀ ਅਣਥੱਕ ਸੇਵਾ ਕੀਤੀ ਗਈ ਹੈ,ਇਸ ਲਈ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ ਹੈ। ਯੂਨੀਅਨ ਆਗੂਆਂ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ਸਮੁੱਚੇ ਪੰਜਾਬ 'ਚ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਹੜ੍ਹ ਪੀੜਤਾਂ ਦੀ ਵੱਡੀ ਮਦਦ ਕੀਤੀ ਜਾ ਰਹੀ, ਜਿਸ ਤਹਿਤ ਪੂਰੇ ਪੰਜਾਬ ਅੰਦਰ ਐਲੀਮੈਂਟਰੀ ਟੀਚਰਜ਼ ਯੂਨੀਅਨ ਪੰਜਾਬ (ਰਜਿ:) ਵੱਲੋਂ ਹੁਣ ਤੱਕ 21 ਲੱਖ ਰੁਪਏ ਦਿੱਤੇ ਜਾ ਚੁੱਕੇ ਹਨ ਅਤੇ ਇਹ ਸੇਵਾ ਨਿਰੰਤਰ ਜਾਰੀ ਰਹੇਗੀ। ਇਸ ਮੌਕੇ ਮੌਜੂਦ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ:) ਕੰਵਲਜੀਤ ਸਿੰਘ ਨੇ ਇਸ ਉਪਰਾਲੇ ਲਈ ਜਥੇਬੰਦੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਮੁੱਚੇ ਜ਼ਿਲ੍ਹੇ ਦਾ ਪ੍ਰਾਇਮਰੀ ਵਰਗ ਹੜ੍ਹਾਂ ਨਾਲ ਸੰਬੰਧਿਤ ਕਾਰਜਾਂ ਵਿੱਚ ਆਪਣਾ ਪੂਰਾ ਯੋਗਦਾਨ ਪਾ ਰਿਹਾ ਹੈ। ਇਸ ਮੌਕੇ ਉਪਰੋਕਤ ਤੋਂ ਇਲਾਵਾ ਗੁਰਿੰਦਰ ਸਿੰਘ ਘੁੱਕੇਵਾਲੀ,ਪਰਮਬੀਰ ਸਿੰਘ ਰੋਖੇ, ਨਵਦੀਪ ਸਿੰਘ,ਸਰਬਜੋਤ ਸਿੰਘ ਵਿਛੋਆ, ਸੁਖਜਿੰਦਰ ਸਿੰਘ ਦੂਜੋਵਾਲ,ਗੁਰਪ੍ਰੀਤ ਸਿੰਘ ਵੇਰਕਾ, ਪ੍ਰਮੋਦ ਸਿੰਘ,ਪਰਮਿੰਦਰ ਸਿੰਘ ਸਰਪੰਚ,ਸੁਖਵਿੰਦਰ ਸਿੰਘ ਤੇੜੀ, ਬਲਜੀਤ ਸਿੰਘ ਧਾਰੀਵਾਲ, ਯਾਦਮਨਿੰਦਰ ਸਿੰਘ ਧਾਰੀਵਾਲ,ਕੰਵਲਜੀਤ ਸਿੰਘ ਰੋਖੇ, ਇੰਦਰਪਾਲ ਸਿੰਘ ਬੋਹਲੀਆਂ, ਗੁਰਿੰਦਰਬੀਰ ਸਿੰਘ ਉੱਗਰ ਔਲਖ,ਜਸਬੀਰ ਸਿੰਘ ਅਜਨਾਲਾ, ਕੰਵਲਜੀਤ ਸਿੰਘ ਪੰਨੂੰ, ਰਾਹੁਲ ਕੁਮਾਰ ਅਜਨਾਲਾ ,ਸਰਬਜੀਤ ਸਿੰਘ ਸਰਾਏ,ਰਾਕੇਸ਼ ਕੁਮਾਰ ਆਦਿ ਹਾਜ਼ਰ ਸਨ।

## ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਤਨਦੇਹੀ ਨਾਲ ਨਿਭਾਈ ਸੇਵਾ ਰੂਪੀ ਡਿਊਟੀ ਲਈ ਵੀ ਕੀਤਾ ਸਨਮਾਨਿਤ

# ਕੌਮੀ ਲੋਕ ਅਦਾਲਤ ਵਿੱਚ 30460 ਕੇਸਾ ਦਾ ਨਿਪਟਾਰਾ : ਅਮਰਦੀਪ ਸਿੰਘ ਬੈਂਸ



**ਜੰਡਿਆਲਾ ਗੁਰੂ, 13 ਸਤੰਬਰ ( ਕੁਲਵੰਤ ਸਿੰਘ ਵਿਰਦੀ )**-ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਦੁਆਰਾ ਦਿੱਤੀਆਂ ਹਦਾਇਤਾਂ ਅਨੁਸਾਰ ਅਤੇ ਸ਼੍ਰੀ ਬਲਜਿੰਦਰ ਸਿੰਘ, ਮਾਣਯੋਗ ਇੰਚਾਰਜ ਜ਼ਿਲਾ ਅਤੇ ਸੈਸ਼ਨਜ਼ ਜੱਜ-ਕਮ-ਇੰਚਾਰਜ ਚੈਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੇ ਮਾਰਗਦਰਸ਼ਨ ਅਤੇ ਹਦਾਇਤਾਂ ਅਨੁਸਾਰ, ਕੌਮੀ ਲੋਕ ਅਦਾਲਤ ਅੱਜ ਮਿਤੀ 13.09.2025 ਨੂੰ ਜ਼ਿਲ੍ਹਾ ਅਦਾਲਤਾਂ, ਅੰਮ੍ਰਿਤਸਰ ਅਤੇ ਤਹਿਸੀਲ ਅਜਨਾਲਾ ਅਤੇ ਬਾਬਾ ਬਕਾਲਾ ਸਾਹਿਬ ਵਿੱਚ ਲਗਾਈ ਗਈ। ਇਸ ਸੰਦਰਭ ਵਿੱਚ, ਸ਼੍ਰੀ ਅਮਰਦੀਪ ਸਿੰਘ ਬੈਂਸ, ਸਿਵਲ ਜੱਜ (ਸੀਨੀਅਰ ਡਿਵੀਜ਼ਨ)-ਕਮ-ਸਕੱਤਰ, ਡੀ.ਐਲ.ਐਸ.ਏ., ਅੰਮ੍ਰਿਤਸਰ ਨੇ ਜਨਤਾ ਨੂੰ ਸੁਨੇਹਾ ਦਿੱਤਾ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਘੱਟ ਗੰਭੀਰ ਕਿਸਮ ਦੇ ਫੌਜਦਾਰੀ ਮਾਮਲੇ, ਬੈਂਕ ਰਿਕਵਰੀ, ਚੈੱਕ ਸਬੰਧੀ ਮਾਮਲੇ, ਵਿਵਾਹਿਕ ਵਿਵਾਦ, ਬਿਜਲੀ ਅਤੇ ਪਾਣੀ

ਆਵਾਜ਼ਿ ਕੌਮ AWAZE QAUM
International Newspaper & WEB TV

ਦੇ ਬਿੱਲ, ਟੈਲੀਕਾਮ, ਸੜਕ ਦੁਰਘਟਨਾ ਮਾਮਲੇ, ਮਜ਼ਦੂਰੀ ਦੇ ਵਿਵਾਦ, ਟ੍ਰੈਫਿਕ ਚਲਾਨ ਆਦਿ ਵਰਗੇ ਮੁੱਦਿਆਂ 'ਤੇ ਵਿਚਾਰ ਕੀਤਾ ਜਾਂਦਾ ਹੈ ਅਤੇ ਉਕਤ ਦੇ ਸਬੰਧ ਵਿੱਚ ਕੁੱਲ 33 ਬੈਂਚਾਂ ਦਾ ਗਠਨ ਕੀਤਾ ਗਿਆ; 24 ਬੈਂਚਾਂ ਅੰਮ੍ਰਿਤਸਰ ਜ਼ਿਲ੍ਹਾ ਅਦਾਲਤਾਂ ਵਿੱਚ, 1 ਬੈਂਚ ਅੰਮ੍ਰਿਤਸਰ ਦੇ ਉਦਯੋਗ ਟ੍ਰਿਬਿਊਨਲ (ਲੇਬਰ ਕੋਰਟ), ਇਸ ਤੋਂ ਇਲਾਵਾ ਤਹਿਸੀਲ ਅਜਨਾਲਾ ਵਿਖੇ 4 ਬੈਂਚਾਂ ਅਤੇ ਬਾਬਾ ਬਕਾਲਾ ਸਾਹਿਬ ਵਿਖੇ 3 ਬੈਂਚਾਂ ਦਾ ਗਠਨ ਕੀਤਾ ਗਿਆ। ਇਸ ਤੋਂ ਇਲਾਵਾ, ਪਰਿਵਾਰਕ ਅਤੇ ਵਿਆਹ ਸਬੰਧੀ ਵਿਵਾਦਾਂ ਨੂੰ ਲੈ ਕੇ, ਪੁਲਿਸ ਵਿਭਾਗ ਦੇ ਮਹਿਲਾ ਵਿਰੁੱਧ ਅਪਰਾਧ ਦੇ ਕੌਸਲਿੰਗ ਸੈੱਲ ਵਿੱਚ ਸਬੰਧੀ ਬੈਂਚ ਕਾਇਮ ਕੀਤਾ ਗਿਆ। ਇਸ ਤੋਂ ਇਲਾਵਾ, ਹੋਰ ਕਈ ਵਿਭਾਗਾਂ ਨੇ ਕੌਮੀ ਲੋਕ ਅਦਾਲਤ ਵਿੱਚ ਪਹਿਲ ਕੀਤੀ ਅਤੇ ਆਪਣੇ ਅੱਗੇ ਰੁਕੇ ਹੋਏ ਕੇਸਾਂ/ਵਿਵਾਦਾਂ ਦਾ ਹੱਲ ਕੀਤਾ। ਇੰਚਾਰਜ ਜਿਲ੍ਹਾ ਅਤੇ ਸੈਸ਼ਨ ਜੱਜ-ਕਮ-ਇੰਚਾਰਜ ਚੇਅਰਮੈਨ, ਜਿਲਾ ਕਾਨੂੰਨੀ ਸੇਵਾ ਅਥਾਰਟੀ ਦੇ ਆਧਿਕਾਰ ਖੇਤਰ ਤਹਿਤ ਲੋਕ ਅਦਾਲਤਾਂ ਦਾ ਆਯੋਜਨ ਕੀਤਾ ਜਾਂਦਾ ਹੈ, ਇਸਦਾ ਮਤਲਬ ਇਹ ਹੈ ਕਿ ਪ੍ਰੀ-ਲਿਟੀਗੇਟਿਵ ਅਤੇ ਮੁਕੱਦਮੇ ਜੋ ਅਦਾਲਤਾਂ ਵਿੱਚ ਲੰਬਿਤ ਪਏ ਹਨ, ਉਹ ਅਮਨ-ਚੈਨ ਦੇ ਆਧਾਰ 'ਤੇ ਬਿਨਾਂ ਕਿਸੇ ਖਰਚ ਦੇ ਹੱਲ ਕੀਤੇ ਜਾਂਦੇ ਹਨ। ਪੈਸੇ ਦੀ ਵਸੂਲੀ ਦੇ ਕੇਸਾਂ ਵਿੱਚ ਦਾਅਵੇ ਵਿੱਚ ਲਗਾਈ ਗਈ ਅਦਾਲਤੀ ਫੀਸ ਵੀ ਕੌਮੀ ਲੋਕ ਅਦਾਲਤ ਵਿੱਚ ਕੇਸ ਦੇ ਨਿਪਟਾਰੇ ਦੇ ਸਮੇਂ ਵਾਪਿਸ ਕੀਤੀ ਜਾਂਦੀ ਹੈ। ਇਹ ਇੱਕ ਮੁਫਤ ਅਤੇ ਜਲਦੀ ਨਿਪਟਾਰਾ ਕਰਨ ਦਾ ਤਰੀਕਾ ਹੈ ਜਿਸ ਵਿੱਚ ਵਿਵਾਦਾਂ ਨੂੰ ਸਮਝੌਤੇ ਰਾਹੀਂ ਹੱਲ ਕਰਨ ਲਈ ਲਿਆਇਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਲੰਬੇ ਸਮੇਂ ਤੋਂ ਚੱਲ ਰਹੀਆਂ ਸਮੱਸਿਆਵਾਂ ਤੋਂ ਬਚਾਉਂਦਾ ਹੈ। ਲੋਕ ਅਦਾਲਤਾਂ ਵਿੱਚ ਧਿਰਾਂ ਦੇ ਦਰਮਿਆਨ ਲੰਬੇ ਸਮੇਂ ਤੋਂ ਚੱਲ ਰਹੇ ਵਿਵਾਦਾਂ ਨੂੰ ਘਟਾਇਆ ਜਾਂਦਾ ਹੈ ਜਿਸ ਨਾਲ ਉਹ ਅਦਾਲਤ ਦੇ ਬੋਝ ਨੂੰ ਘਟਾਉਣ ਵਿੱਚ ਮਦਦਗਾਰ ਹਨ ।ਨੈਸ਼ਨਲ ਲੋਕ ਆਦਾਲਤ 13.09.2025 ਦੀ ਕਾਮਯਾਬੀ ਦੀ ਕਹਾਣੀ:ਸਾਲ 2022 ਦੇ ਇੱਕ ਮਾਮਲੇ ਵਿੱਚ ਜੋ ਕਿ ਸ਼੍ਰੀ ਅਜੀਤਪਾਲ ਸਿੰਘ, ਮਾਣਯੋਗ ਵਧੀਕ ਪ੍ਰਿੰਸੀਪਲ ਜੱਜ, ਪਰਿਵਾਰਿਕ ਅਦਾਲਤ, ਅੰਮ੍ਰਿਤਸਰ ਦੇ ਸਾਹਮਣੇ ਲੰਬਿਤ ਸੀ, ਜਿਸ ਵਿੱਚ ਪਤੀ ਅਤੇ ਪਤਨੀ ਵਿਚਕਾਰ ਪਰਿਵਾਰਕ ਵਿਵਾਦ ਨੂੰ ਸੁਖਦਾਈ ਤਰੀਕੇ ਨਾਲ ਸੁਲਝਾਇਆ ਗਿਆ ਅਤੇ ਪਤਨੀ ਪੂਰੀ ਅਤੇ ਅੰਤਿਮ ਰਕਮ ?16,50,000/- ਵਿੱਚ ਨਿਪਟਾਰਾ ਹੋਇਆ। ਇਸ ਤੋਂ ਇਲਾਵਾ ਮਿਸ. ਨੀਲਮ, ਮਾਣਯੋਗ ਜੇਐਮਆਈਸੀ, ਅੰਮ੍ਰਿਤਸਰ ਦੇ ਅਧੀਨ ਬੈਂਚ ਨੇ ਇੱਕ ਚੈੱਕ ਨਾਲ ਸਬੰਧਤ ਕੇਸ 'ਕੋਟਕ ਮਹਿੰਦਰਾ ਬੈਂਕ ਲਿਮਟਿਡ ਬਨਾਮ ਅਮਰਬੀਰ ਸਿੰਘ' ਦੇ ਦਰਮਿਆਨੇ ਇੱਕ ਮਾਮਲਾ ਸੁਲਝਾਇਆ ਜਿਸ ਵਿੱਚ ਸ਼ਿਕਾਇਤਕਰਤਾ ਨੇ 2,96,96,000/- (ਦੋ ਕਰੋੜ ਛਿਆਨਵੇਂ ਲੱਖ ਅਤੇ ਛਿਆਨਵੇਂ ਹਜ਼ਾਰ) ਦੀ ਰਕਮ ਪ੍ਰਾਪਤ ਕਰਕੇ ਆਪਣੇ ਮਾਮਲੇ ਨੂੰ ਵਾਪਸ ਲੈਣ ਦੇ ਲਈ ਸਹਿਮਤ ਹੋਇਆ ਅਤੇ ਇਸ ਦੇ ਅਨੁਸਾਰ ਫੈਸਲਾ ਦਿੱਤਾ ਗਿਆ।

# ਕੈਨੇਡੀਅਨ ਪੁਲਿਸ ਨੇ ਇੰਦਰਜੀਤ ਸਿੰਘ ਗੋਸਲ ਨੂੰ ਜਾਨ ਦੇ ਖਤਰੇ ਦੀ ਚੇਤਾਵਨੀ ਕੀਤੀ ਜਾਰੀ

## ਮੈਂ ਲੁਕਣ ਦੀ ਬਜਾਏ ਗੋਲੀ ਦਾ ਕਰਾਂਗਾ ਸਾਹਮਣਾ: ਗੋਸਲ



ਨਵੀਂ ਦਿੱਲੀ 13 ਸੰਤਬਰ (ਮਨਪ੍ਰੀਤ ਸਿੰਘ ਖਾਲਸਾ ):- ਆਰਸੀਐਮਪੀ ਨੇ ਇੱਕ ਪ੍ਰਮੁੱਖ ਸਿੱਖ ਕਾਰਕੁਨ ਨੂੰ ਚੇਤਾਵਨੀ ਦਿੱਤੀ ਹੈ ਕਿ ਉਸਦੀ ਜਾਨ ਖ਼ਤਰੇ ਵਿੱਚ ਹੈ, ਜਿਸ ਨਾਲ ਇਹ ਚਿੰਤਾਵਾਂ ਵਧ ਗਈਆਂ ਹਨ ਕਿ ਭਾਰਤ ਕੈਨੇਡੀਅਨਾਂ ਨੂੰ ਨਿਸ਼ਾਨਾ ਬਣਾਉਣਾ ਜਾਰੀ ਰੱਖ ਰਿਹਾ ਹੈ ਜਦੋਂ ਕਿ ਓਟਾਵਾ ਦੱਖਣੀ ਏਸ਼ੀਆਈ ਸ਼ਕਤੀ ਨਾਲ ਵਪਾਰਕ ਸਬੰਧਾਂ ਵਿੱਚ ਸੁਧਾਰ ਚਾਹੁੰਦਾ ਹੈ। ਇੰਦਰਜੀਤ ਸਿੰਘ ਗੋਸਲ ਨੇ ਇੱਕ ਇੰਟਰਵਿਊ ਵਿੱਚ ਦੱਸਿਆ ਕਿ ਆਰਸੀਐਮਪੀ ਦੇ ਰਾਸ਼ਟਰੀ ਸੁਰੱਖਿਆ ਅਧਿਕਾਰੀਆਂ ਨੇ ਪਿਛਲੇ ਮਹੀਨੇ ਉਸਨੂੰ ਰਸਮੀ ਤੌਰ 'ਤੇ ਚੇਤਾਵਨੀ ਦਿੱਤੀ ਸੀ ਕਿ ਉਸਨੂੰ ਹਫ਼ਤਿਆਂ ਦੇ ਅੰਦਰ ਮਾਰ ਦਿੱਤਾ ਜਾ ਸਕਦਾ ਹੈ। ਗੋਸਲ ਨੇ ਕਿਹਾ ਕਿ ਜਾਂਚਕਰਤਾ ਸੋਮਵਾਰ ਨੂੰ ਵਾਪਸ ਆਏ ਅਤੇ ਉਸਨੂੰ ਦੱਸਿਆ ਕਿ ਨਵੀਂ ਖੁਫੀਆ ਜਾਣਕਾਰੀ ਮਿਲੀ ਹੈ ਜੋ ਦਰਸਾਉਂਦੀ ਹੈ ਕਿ ਸ਼ੱਕੀ ਹਿੱਟਮੈਨ "ਇੱਥੇ ਹਨ ਅਤੇ ਉਹ ਮੈਨੂੰ ਬਾਹਰ ਕੱਢਣ ਲਈ ਤਿਆਰ ਹਨ। ਪੁਲਿਸ ਵਲੋਂ ਗਵਾਹਾਂ ਦੀ ਸੁਰੱਖਿਆ ਦੇ ਬਰਾਬਰ ਦੀ ਸੁਰੱਖਿਆ ਦੇਣ ਲਈ ਪੇਸ਼ਕਸ਼ ਕੀਤੀ ਗਈ ਹੈ, ਪਰ 36 ਸਾਲਾ ਗੋਸਲ ਨੇ ਇਸ ਆਧਾਰ 'ਤੇ ਇਨਕਾਰ ਕਰ ਦਿੱਤਾ ਕਿ ਇਹ ਉਸਦੀ ਸਰਗਰਮੀ ਵਿੱਚ ਵਿਘਨ ਪਾਵੇਗਾ। ਗੋਸਲ ਭਾਰਤ ਦੇ ਸਿੱਖ ਬਹੁਗਿਣਤੀ ਵਾਲੇ ਪੰਜਾਬ ਰਾਜ ਦੀ ਆਜ਼ਾਦੀ ਲਈ ਇੱਕ ਵਿਰੋਧ ਮੁਹਿੰਮ ਦਾ ਕੈਨੇਡੀਅਨ ਪ੍ਰਬੰਧਕ ਹੈ। 2023 ਵਿੱਚ ਪਿਛਲੇ ਆਗੂ, ਹਰਦੀਪ ਸਿੰਘ ਨਿੱਝਰ ਦੀ ਗੋਲੀ ਮਾਰ ਕੇ ਹੱਤਿਆ ਕਰਨ ਤੋਂ ਬਾਅਦ ਗੋਸਲ ਵਲੋਂ ਇਹ ਭੂਮਿਕਾ ਨਿਭਾਈ ਜਾ ਰਹੀ ਹੈ। ਗੋਸਲ ਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਆਰਸੀਐਮਪੀ ਨੇ ਉਸਨੂੰ ਉਸਦੇ ਵਿਰੁੱਧ ਸ਼ੱਕੀ ਸਾਜ਼ਿਸ਼ ਦੇ ਸਰੋਤ ਬਾਰੇ ਕੀ ਦੱਸਿਆ, ਪਰ ਉਸਨੇ ਕਿਹਾ ਕਿ ਇਹ ਕਥਿਤ ਤੌਰ 'ਤੇ ਭਾਰਤ ਸਰਕਾਰ ਤੋਂ ਆਇਆ ਸੀ ।ਉਸਨੇ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਇਹ ਭਾਰਤ ਸਰਕਾਰ ਦੀ ਲੜੀ ਦੇ ਸਿਖਰ ਤੱਕ ਜਾਂਦਾ ਹੈ, ਅਤੇ ਅਸੀਂ ਕੈਨੇਡੀਅਨ ਸਰਕਾਰ, ਸਾਡੇ ਪ੍ਰਧਾਨ ਮੰਤਰੀ, ਮਾਰਕ ਕਾਰਨੀ ਨੂੰ ਜ਼ਰੂਰੀ ਕਦਮ ਚੁੱਕਣ ਲਈ ਕਹਿ ਰਹੇ ਹਾਂ। ਪੁਲਿਸ ਦੀ ਇਹ ਚੇਤਾਵਨੀ, ਜਿਸਨੂੰ ਡਿਊਟੀ-ਟੂ-ਵਾਰਨ ਨੋਟਿਸ ਵਜੋਂ ਜਾਣਿਆ ਜਾਂਦਾ ਹੈ, ਕੈਨੇਡੀਅਨ ਸਿੱਖਾਂ ਨੂੰ ਜਾਰੀ ਕੀਤੀ ਗਈ ਤਾਜ਼ਾ ਚੇਤਾਵਨੀ ਹੈ, ਅਤੇ ਇਹ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੁਆਰਾ ਨਵੀਂ ਦਿੱਲੀ ਵਿੱਚ ਇੱਕ ਨਵਾਂ ਹਾਈ ਕਮਿਸ਼ਨਰ ਨਿਯੁਕਤ ਕਰਨ ਤੋਂ ਬਾਅਦ ਆਈ ਹੈ ।ਕੈਨੇਡਾ ਦੇ ਸਿੱਖ ਰਾਸ਼ਟਰੀ ਆਗੂਆਂ ਨੇ ਕਿਹਾ ਕਿ ਕਾਰਨੀ ਦੀਆਂ ਕੂਟਨੀਤਕ ਚਾਲਾਂ ਦੇ ਬਾਵਜੂਦ, ਭਾਰਤ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾਉਣਾ ਬੰਦ ਨਹੀਂ ਕੀਤਾ ਹੈ, ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਚੇਤਾਵਨੀ ਦੇਣ ਲਈ ਡਿਊਟੀਆਂ ਦੀ ਗਿਣਤੀ ਵੱਧ ਰਹੀ ਹੈ, ਨਵੇਂ ਨੋਟਿਸ ਜਾਰੀ ਕੀਤੇ ਜਾ ਰਹੇ ਹਨ ਅਤੇ ਪਹਿਲਾਂ ਜਾਰੀ ਕੀਤੇ ਗਏ ਨੋਟਿਸਾਂ ਨੂੰ ਨਵਿਆਇਆ ਜਾ ਰਿਹਾ ਹੈ ਅਤੇ ਇਹ ਇੱਕ ਸਪੱਸ਼ਟ ਸੰਕੇਤ ਹੈ ਕਿ ਭਾਰਤ ਅਜੇ ਵੀ ਕੈਨੇਡਾ ਵਿੱਚ ਕਤਲ ਦੇ ਨਿਸ਼ਾਨਿਆਂ ਦਾ ਪਿੱਛਾ ਕਰ ਰਿਹਾ ਹੈ ।ਸੀਐਸਆਈਐਸ ਨੇ ਪਹਿਲਾਂ ਨੋਟ ਕੀਤਾ ਹੈ ਕਿ ਭਾਰਤੀ ਅਧਿਕਾਰੀ, ਜਿਨ੍ਹਾਂ ਵਿੱਚ ਉਨ੍ਹਾਂ ਦੇ ਕੈਨੇਡਾ-ਅਧਾਰਤ ਪ੍ਰੌਕਸੀ ਏਜੰਟ ਵੀ ਸ਼ਾਮਲ ਹਨ, ਕੈਨੇਡੀਅਨ ਭਾਈਚਾਰਿਆਂ ਅਤੇ ਸਿਆਸਤਦਾਨਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਨ ਵਾਲੀਆਂ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਸਨ।

ਆਵਾਜ਼ਿ ਕੌਮ AWAZE QAUM
International Newspaper & WEB TV

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਆਪਣੀ 82 ਵਰੇਗੰਢ ਮੌਕੇ ਸਰਬੱਤ ਦੇ ਭਲੇ ਲਈ ਅਰਦਾਸ

# ਧਰਮ ਪਰਿਵਰਤਨ ਦੇ ਵਿਰੁੱਧ ਜ਼ਬਰਦਸਤ ਲਹਿਰ ਬਣਾਈ ਜਾਵੇਗੀ


## ਪ੍ਰਵਾਸੀਆ ਦੀ ਪੰਜਾਬ ਸਰਕਾਰ ਸਕਰੀਨਿੰਗ ਕਰਵਾਏ : ਕਰਨੈਲ ਸਿੰਘ ਪੀਰ ਮੁਹੰਮਦ









**ਅੰਮ੍ਰਿਤਸਰ 13 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸਿੱਖ ਨੌਜਵਾਨਾ ਦੀ ਸਿਰਮੌਰ ਸਿੱਖ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਆਪਣਾ 82 ਵਾ ਸਥਾਪਨਾ ਦਿਵਸ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਸਰਪ੍ਰਸਤ ਅਤੇ ਸ੍ਰੋਮਣੀ ਅਕਾਲੀ ਦਲ ਦੇ ਸਾਬਕਾ ਬੁਲਾਰੇ ਅਤੇ ਜਨਰਲ ਸਕੱਤਰ ਸ੍ ਕਰਨੈਲ ਸਿੰਘ ਪੀਰ ਮੁਹੰਮਦ ਦੀ ਅਗਵਾਈ ਵਿੱਚ ਪੂਰੇ ਜੋਸ ਨਾਲ ਮਨਾਇਆ । ਪੰਜਾਬ ਹਰਿਆਣਾ ਦਿੱਲੀ ਹਿਮਾਚਲ ਬਿਹਾਰ- ਝਾਰਖੰਡ ਤੋ ਚੌਣਵੇ ਡੈਲੀਗੇਟਾ ਨੇ ਅੱਜ ਸਰਬੱਤ ਦੇ ਭਲੇ ਲਈ ਕੀਤੀ ਅਰਦਾਸ ਵਿੱਚ ਪੰਜਾਬ ਅੰਦਰ ਆਏ ਹੜ੍ਹ ਕਾਰਨ ਹੋਏ ਭਾਰੀ ਨੁਕਸਾਨ ਤੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆ ਪੀੜਤ ਪਰਿਵਾਰਾ ਨਾਲ ਸਾਥ ਸਹਿਯੋਗ ਦੇਣ ਦਾ ਪ੍ਰਣ ਲਿਆ ਗਿਆ। ਸਿੱਖ ਕੌਮ ਦੀਆ ਸਿਰਮੌਰ ਸਖਸ਼ੀਅਤਾਂ ਅਤੇ ਫੈਡਰੇਸ਼ਨ ਦੇ ਪੁਰਾਣੇ ਆਗੂਆਂ ਨੇ ਖਾਲਸਾ ਪੰਥ ਦੀਆ ਸਿਰਮੌਰ ਸੰਸਥਾਵਾ ਸ੍ਰੋਮਣੀ ਅਕਾਲੀ ਦਲ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਿੱਚ ਸੰਪੂਰਨ ਏਕਤਾ ਤੇ ਜੋਰ ਦਿੰਦਿਆ ਕਿਹਾ ਕਿ ਅੱਜ ਖਾਲਸਾ ਪੰਥ ਨੂੰ ਅੰਦਰੂਨੀ ਤੇ ਬਾਹਰੀ ਸਕਤੀਆਂ ਤੋ ਆਪਣਾ ਬਚਾਅ ਕਰਨ ਲਈ ਹਊਮੇ ਹੰਕਾਰ ਤੋ ਉੱਚਾ ਉੱਠਣ ਦੀ ਬੇਹੱਦ ਲੋੜ ਹੈ ਫੈਡਰੇਸ਼ਨ ਮਹਿਸੂਸ ਕਰਦੀ ਹੈ ਕਿ ਅਕਾਲੀ ਕਹਾਉਣ ਵਾਲਾ ਹਰੇਕ ਆਗੂ ਵਰਕਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੋਕੇ 2 ਦਸੰਬਰ ਦੇ ਹੁਕਮਨਾਮੇ ਦੀ ਪਾਲਣਾ ਕਰੇ । ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਹਮੇਸਾ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਕੰਮ ਕਰਦੀ ਰਹੀ ਹੈ ਤੇ ਹੁਣ ਵੀ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਅਨੁਸਾਰ ਬਣੀ ਪੰਜ ਮੈਂਬਰੀ ਭਰਤੀ ਕਮੇਟੀ ਨੇ ਜੋ ਲੋਕਤੰਤਰਿਕ ਪ੍ਰਕਿਰਿਆ ਤਹਿਤ ਡੈਲੀਗੇਟ ਇਜਲਾਸ ਕਰਕੇ ਸਰਬਸੰਮਤੀ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਸ੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਹੈ ਨੂੰ ਫੈਡਰੇਸ਼ਨ ਪੂਰਨ ਸਹਿਯੋਗ ਦੇਵੇਗੀ । ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਨਾਮੱਤੇ ਇਤਿਹਾਸ ਦੀ



(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਆਪਣੀ 82 ਵਰੇਗੰਢ ਮੌਕੇ ਸਰਬੱਤ ਦੇ ਭਲੇ ਲਈ ਅਰਦਾਸ

# ਧਰਮ ਪਰਿਵਰਤਨ ਦੇ ਵਿਰੁੱਧ ਜ਼ਬਰਦਸਤ ਲਹਿਰ ਬਣਾਈ ਜਾਵੇਗੀ

## ਪੰਜਾਬ ਵਿੱਚ ਸਰਕਾਰੀ ਨੌਕਰੀ ਲਈ ਪੰਜਾਬ ਦਾ ਬਸ਼ਿੰਦਾ ਹੋਣਾ ਲਾਜ਼ਮੀ ਕੀਤਾ ਜਾਵੇ ਕਰਾਰ ਦਿੱਤਾ ਜਾਵੇ











ਚਰਚਾ ਕਰਦਿਆ ਸ੍ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਅਮਰ ਸ਼ਹੀਦ ਭਾਈ ਅਮਰੀਕ ਸਿੰਘ, ਸ਼ਹੀਦ ਭਾਈ ਹਰਮਿੰਦਰ ਸਿੰਘ ਸੰਧੂ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਸਮੇਤ ਸੰਘਰਸ਼ ਵਿੱਚ ਸ਼ਹੀਦ ਹੋਏ ਫੈਡਰੇਸ਼ਨ ਆਗੂਆ ਦੀਆ ਕੁਰਬਾਨੀਆ ਦੀ ਭਰਪੂਰ ਸਲਾਘਾ ਕਰਦਿਆ ਕਿਹਾ ਕਿ ਫੈਡਰੇਸ਼ਨ ਫੈਡਰੇਸ਼ਨ ਦੀ ਲੀਡਰਸ਼ਿਪ ਨੇ ਨਵੰਬਰ 1984 ਸਿੱਖ ਨਸਲਕੁਸ਼ੀ ਦਾ ਕੇਸ ਕੌਮਾਂਤਰੀ ਪੱਧਰ ਤੇ ਉਜਾਗਰ ਕਰਕੇ ਫੈਡਰੇਸ਼ਨ ਦੇ ਅਸਲ ਫਰਜ ਇਤਿਹਾਸ ਵਿੱਚ ਦਰਜ ਕਰਵਾਏ ।ਉਹਨਾਂ ਕਿਹਾ ਕਿ

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਸਕੂਲਾਂ-ਕਾਲਜਾਂ ਵਿਚੋਂ ਸਿੱਖ ਨੌਜਵਾਨਾਂ ਦੀ ਨਾ ਸਿਰਫ ਨਵੀਂ ਪਨੀਰੀ ਨੂੰ ਹੀ ਪ੍ਰਪੱਕ ਕਰਦੀ ਸੀ ਬਲਕਿ ਨਵੇਂ ਆਗੂ ਤਰਾਸ਼ ਕੇ ਰਾਜਨੀਤਕ ਖੇਤਰ ਨੂੰ ਦਿੰਦੀ ਸੀ ਪਰ ਅੱਜ ਫੈਡਰੇਸ਼ਨ ਕਮਜ਼ੋਰ ਹੋਣ ਦਾ ਕਾਰਨ ਹੀ ਹੈ ਕਿ ਸਿੱਖ ਰਾਜਨੀਤੀ ਵਿਚ ਨਵੇਂ ਆਗੂਆਂ ਦਾ ਖਲਾਅ ਪੈਦਾ ਹੋ ਗਿਆ ਹੈ।

ਅੱਜ ਸਮਾਂ ਹੈ ਕਿ ਫੈਡਰੇਸ਼ਨਾਂ ਦੀ ਪੁਰਾਣੀ ਚੜ੍ਹਤ ਨੂੰ ਮੁੜ ਬਰਕਰਾਰ ਕਰਕੇ ਨੌਜਵਾਨਾਂ ਵਿਚੋਂ ਨਵੇਂ ਆਗੂਆਂ ਨੂੰ ਪੈਦਾ ਕਰਕੇ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਉੱਜਲ ਕੀਤਾ ਜਾਵੇ। ਇਸ ਮੌਕੇ ਪੰਜ ਮਤੇ ਪਾਸ ਕੀਤੇ ਗਏ ਪਹਿਲੇ ਮਤੇ ਵਿੱਚ ਕਿਹਾ ਗਿਆ ਕਿ ਪੰਜਾਬ ਸਰਕਾਰ ਗੈਰ ਪੰਜਾਬੀਆਂ ਦੇ ਪੰਜਾਬ ਵਿੱਚ ਜਾਇਦਾਦ ਖ਼੍ਰੀਦਣ ਤੇ ਪਾਬੰਦੀ ਲਾਵੇ ਇਸ ਸਬੰਧ ਪੰਜਾਬ ਸਰਕਾਰ ਪੰਜਾਬ ਵਿਧਾਨ ਸਭਾ ਵਿੱਚ ਮਤਾ ਪਾਸ ਕਰਕੇ ਸਖਤ ਕਨੂੰਨ ਲਾਗੂ ਕਰੇ । ਦੂਜੇ ਮਤੇ ਵਿੱਚ ਕਿਹਾ ਗਿਆ ਕਿ

*ਪੰਜਾਬ ਵਿੱਚ ਸਰਕਾਰੀ ਨੌਕਰੀ ਲਈ ਪੰਜਾਬ ਦਾ ਬਸ਼ਿੰਦਾ ਹੋਣਾ ਲਾਜ਼ਮੀ ਕੀਤਾ ਜਾਵੇ ਕਰਾਰ ਦਿੱਤਾ ਜਾਵੇ * ਤੀਸਰੇ ਮਤੇ ਵਿੱਚ ਪੰਜਾਬ ਅੰਦਰ ਬੇਰੋਜ਼ਗਾਰੀ ਨੂੰ ਖਤਮ ਕਰਨ ਲਈ ਸਵੈਰੁਜ਼ਗਾਰ ਲਈ ਆਈ ਟੀ ਆਈ ਆਈ ਟੀ ਅਤੇ ਖੇਤੀ ਸੈਕਟਰ ਵਿੱਚ ਆਧੁਨਿਕ ਤਕਨੀਕ ਨਾਲ ਕਿਸਾਨਾ ਨੂੰ ਹਰੇਕ ਬਲਾਕ ਵਿੱਚ ਫਲਦਾਰ ਫੁੱਲਦਾਰ ਛਾਂਦਾਰ ਖੇਤੀ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ ਇਸ ਨਾਲ ਪੰਜਾਬ ਅੰਦਰ ਹਰਿਆਵਲ ਆਵੇਗੀ ਤੇ ਸਾਡੇ ਨੌਜਵਾਨ ਕਿਸਾਨ ਗੁਆਂਢੀ ਰਾਜਾ ਦੇਸ ਦੁਨੀਆ ਵਿੱਚ ਆਪਣੇ ਵੱਲੋ ਪੈਦਾ ਕੀਤੀਆ ਫਸਲਾ ਫਲ ਦੁੱਧ ਉਤਪਾਦਨ ਨੂੰ ਵਧਾਉਣ ਵਿੱਚ ਕਾਮਯਾਬ ਹੋਣਗੇ । ਇਸ ਸਬੰਧ ਵਿੱਚ ਸਾਡੇ ਗੁਆਂਢੀ ਮੁਲਕਾ ਨਾਲ ਚੰਗੇ ਸੰਬੰਧ ਤੇ ਵਪਾਰਿਕ ਗਤੀਵਿਧੀਆਂ ਵਧਾਉਣ ਤੇ ਜੋਰ ਦਿੱਤਾ ਜਾਵੇ ।ਚੌਥੇ ਮਤੇ ਵਿੱਚ ਪੰਜਾਬ ਅਤੇ ਕੇਦਰ ਸਰਕਾਰ ਦੀ ਇਸ ਗੱਲ ਤੋ ਸਖਤ ਨਿੰਦਾ ਕੀਤੀ ਗਈ ਕਿ ਉਸਨੇ ਪਿਛਲੇ ਤਿੰਨ ਦਹਾਕਿਆ ਤੋ ਜੇਲਾਂ ਨਜ਼ਰਬੰਦ ਸਿੰਘਾ ਨੂੰ ਉਹਨਾਂ ਦੀਆ ਸਜਾਵਾ ਪੂਰੀਆ ਹੋਣ ਦੇ ਬਾਵਜੂਦ ਵੀ ਰਿਹਾ ਕਰਨ ਵਿੱਚ ਟਾਲ ਮਟੋਲ ਕੀਤਾ ਜਾ ਰਿਹਾ ਹੈ ।ਦੂਸਰੇ ਪਾਸੇ ਪੰਜਾਬ ਦੇ ਸਿੱਖ ਨੌਜਵਾਨਾ ਨੂੰ ਡਿਬਰੂਗੜ ਅਸਾਮ ਦੀਆ ਜੇਲਾ ਵਿੱਚ ਬੰਦ ਕੀਤਾ ਹੋਇਆ ਹੈ ।ਫੈਡਰੇਸ਼ਨ ਦਾ ਅੱਜ ਦਾ ਇਜਲਾਸ ਜੇਲਾ ਵਿੱਚ ਨਜ਼ਰਬੰਦ ਸਿੰਘਾ ਦੀ ਤੁਰੰਤ ਰਿਹਾਈ ਦੀ ਪੁਰਜ਼ੋਰ ਮੰਗ ਕਰਦਾ ਹੈ ।ਪੰਜਵੇ ਮਤੇ ਵਿੱਚ ਦੇਸ ਦੁਨੀਆ ਵਿੱਚ ਵੱਸਦੀ ਸਿੱਖ ਕੌਮ ਨਾਨਕ ਨਾਮ ਲੇਵਾ ਨੂੰ ਅਪੀਲ ਕੀਤੀ ਗਈ ਕਿ ਪੰਜਾਬ ਸਮੇਤ ਹਰੇਕ ਉਸ ਜਗਾ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਮਾਨ ਹੋਣ ਵਿਖੇ ਪਹਿਰੇਦਾਰ ਕਮੇਟੀਆ ਬਣਾਈਆ ਜਾਣ ਸੀ ਸੀ ਟੀ ਵੀ ਕੈਮਰੇ ਲਗਾਏ ਜਾਣ ਤੇ ਪਿੰਡ ਦੀ ਪੰਚਾਇਤ ਗੁਰਦੁਆਰਾ ਕਮੇਟੀ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਸਿੱਖ ਕੌਮ ਦੀ ਸਿਰਮੌਰ ਧਾਰਮਿਕ ਸੰਸਥਾ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਕਾਸ਼ ਵਾਲੀ ਜਗਾ ਦੀ ਵਿਸੇਸ਼ ਟੀਮ ਗਠਿਤ ਕਰਕੇ ਸਕਰੀਨਿੰਗ ਕਰਵਾਏ ਕਿ ਕੀ ਵਾਕਿਆ ਹੀ ਉਹ ਜਗਾ ਪੂਰੀ ਤਰਾ ਸੁਰੱਖਿਅਤ ਹੈ ਜਿਥੇ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ਮਾਨ ਹਨ । ਅੱਜ ਦੀ ਇਕੱਤਰਤਾ ਵਿੱਚ ਨਸ਼ਿਆ ਵਿਰੁੱਧ ਕਾਰਵਾਈ ਕਰਨ ਲਈ ਪੰਜਾਬ ਸਰਕਾਰ ਦੀ ਇੱਛਾ ਸਕਤੀ ਵਿੱਚ ਨਜਰ ਆਉਦੀ ਖਾਨਾਪੂਰਤੀ ਤੇ ਗਹਿਰੀ ਚਿੰਤਾ ਪ੍ਰਗਟ ਕਰਦਿਆ ਕਿਹਾ ਗਿਆ ਕਿ ਸਾਡੇ ਉਪਰ ਪਰੋਕਸੀਵਾਰ ਥੋਪੀ ਗਈ ਹੈ ਪੰਜਾਬੀਆ ਨੂੰ ਇਕਜੁੱਟ ਹੋਣ ਦੀ ਬੇਹੱਦ ਲੋੜ ਹੈ ਨਸ਼ਿਆ ਦੇ ਵਪਾਰੀਆ ਖਿਲਾਫ ਸਖਤ ਕਾਨੂੰਨ ਬਣਾਉਣ ਦੀ ਲੋੜ ਹੈ ਤਾ ਜੋ ਫਾਸਟ ਟਰੈਕ ਅਦਾਲਤਾ ਰਾਹੀ ਉਹਨਾਂ ਨੂੰ ਸਖਤ ਸਜਾਵਾ ਮਿਲ ਸਕਣ ।ਫੈਡਰੇਸ਼ਨ ਦੇ ਇਜਲਾਸ ਨੇ ਪੰਜਾਬ ਵਿੱਚ ਅਖੌਤੀ ਈਸਾਈਆ ਵੱਲੋ ਧਰਮ ਪਰਿਵਰਤਨ ਕਰਨ ਲਈ ਆਰਥਿਕ ਤੌਰ ਤੇ ਟੁੱਟੇ ਲੋਕਾ ਨੂੰ ਲਾਲਚਵੱਸ ਕਰਕੇ ਧਰਮ ਤਬਦੀਲ ਕਰਨ ਵਾਲੀਆ ਕਾਰਵਾਈਆ ਦਾ ਸਖਤ ਨੋਟਿਸ ਲਿਆ ਗਿਆ ਤੇ ਇਸ ਸਬੰਧ ਵਿੱਚ ਅਜਿਹੇ ਅਖੌਤੀ ਪ੍ਰਚਾਰਕਾ ਖਿਲਾਫ ਸਖਤ ਕਾਰਵਾਈ ਕਰਨ ਦਾ ਅਹਿਦ ਲਿਆ ਗਿਆ ।ਅਰਦਾਸ ਸਮਾਗਮ ਵਿੱਚ ਸਾਮਲ ਹੋਣ ਵਾਲਿਆ ਵਿੱਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਫੈਡਰੇਸ਼ਨ ਦੇ ਸੀਨੀਅਰ ਆਗੂ ਸ੍ਰ ਕੰਵਲਜੀਤ ਸਿੰਘ ਬਿੱਟਾ ਗੁਰਦਾਸਪੁਰ, ਸ੍ਰ ਗੁਰਮੁੱਖ ਸਿੰਘ ਸੰਧੂ, ਡਾ ਕਾਰਜ ਸਿੰਘ ਧਰਮ ਸਿੰਘ ਵਾਲਾ ਗਗਨਦੀਪ ਸਿੰਘ ਰਿਆੜ, ਸੁਖਵਿੰਦਰ ਸਿੰਘ ਦੀਨਾਨਗਰ ,ਬਲਜਿੰਦਰ ਸਿੰਘ ਗੰਡੀਵਿੰਡ, ਭੁਪਿੰਦਰ ਸਿੰਘ ਨਾਗੋਕੇ ਕੁਲਬੀਰ ਸਿੰਘ ਗੰਡੀਵਿੰਡ ਭਾਈ ਸੁਖਦੇਵ ਸਿੰਘ ਬੈਲਜੀਅਮ,ਬਲਸੁਖਜੀਤ ਸਿੰਘ ਅਮੀਸਾਹ ,ਸਰਪੰਚ ਗੁਲਾਬ ਸਿੰਘ, ਪ੍ਰਭਜੋਤ ਸਿੰਘ ਫਰੀਦਕੋਟ ਸੁਰਜੀਤ ਸਿੰਘ ਗੋਲੇਵਾਲਾ, ਹਰਜਿੰਦਰ ਸਿੰਘ ਬਰਾੜ ,ਹਰਦੀਪ ਸਿੰਘ ਜਲਾਲ , ਸਰਪੰਚ ਲਖਵਿੰਦਰ ਸਿੰਘ ਸਰਪੰਚ ਅਰਾਈਆਵਾਲਾ ,ਸੁਖਚੈਨ ਸਿੰਘ ਸੰਤੂ ਵਾਲਾ ਲਖਵਿੰਦਰ ਸਿੰਘ ਸੰਤੂਵਾਲਾ ਵਾਲਾ ,ਲਵਪ੍ਰੀਤ ਸਿੰਘ ਬਟਾਲਾ, ਪ੍ਰਭਦੀਪ ਸਿੰਘ ਖੇਰਾ, ਜਸਬੀਰ ਸਿੰਘ ਬਾਜਵਾ, ਸਾਬਕਾ ਫੈਡਰੇਸ਼ਨ ਆਗੂ, ਪ੍ਰਦੀਪ ਸਿੰਘ ਤਲਵੰਡੀ,ਤਰਲੋਚਨ ਸਿੰਘ ਕਾਦੀਆਂ,ਬਾਬਾ ਦਿਲਬਾਗ ਸਿੰਘ, ਭਾਈ ਹਰਦਿਆਲ ਸਿੰਘ ਭਿੰਡਰ, ਬਾਬਾ ਹਰੀ ਸਿੰਘ, ਵਰਦੀਪ ਸਿੰਘ ਜਾਰਡਨ, ਪਰਗਟ ਸਿੰਘ ਵਿਰਕ ਮੌਜਗੜ,ਡਾਕਟਰ ਸੁਖਦੇਵ ਸਿੰਘ ਰਸੂਲਪੁਰ,ਗੁਰਲਾਲ ਸਿੰਘ ਰੋਡੇ ਜੱਲੇ ਵਾਲਾ,ਗੁਰਜੀਤ ਸਿੰਘ ਵਿਰਕ ਫੇਮੀਵਾਲਾ ,ਭੁਪਿੰਦਰ ਖਹਿਰਾ ਮੱਲੂ ਵਾਲੀਏ ਵਾਲਾ ,ਗੁਰਜੀਤ ਸਿੰਘ ਲਹਿਰਾ ,ਪਵਨਦੀਪ ਸਿੰਘ ਵਿਰਕ ਫੇਮੀਵਾਲਾ ਵਿਸੇਸ਼ ਤੌਰ ਤੇ ਹਾਜਰ ਸਨ।

••

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸਿੱਖਾਂ ਦੇ ਹਰ ਕਿਸਮ ਦੇ ਉਥਾਨ ਨੂੰ ਪਾਕਿਸਤਾਨ ਨਾਲ ਜੋੜ ਕੇ, ਤੇ ਮੁਸਲਮਾਨਾਂ ਨਾਲ ਮਿਲਾ ਕੇ ਦੇਖਣਾ

# ਭਾਰਤੀ ਬਿਰਤਾਂਤ ਵਿਵਸਥਾ ਦਾ ਇੱਕ ਜਾਣਿਆ ਪਛਾਣਿਆ ਪੈਂਤੜਾ


दैनिक भास्कर, लुधियाना, बुधवार, 10 सितंबर, 2025 4

बामुलाहिजा • नॉर्थ-ईस्ट के राज्यों जैसी गलती हम एक बार फिर पंजाब में नहीं दोहरा सकते हैं

## पंजाब पर ज्यादा ध्यान देने की जरूरत है

देश-समाज

शेखर गुप्ता
एडिटर-इन-चीफ, 'द प्रिन्ट'
X @ShekharGupta

1 सितंबर को तियानजिन से लौटते ही प्रधानमंत्री ने अफगानिस्तान में आए भूकंप पर शोक जताते हुए एक ट्वीट किया। तभी उन्हें एक ट्वीट में जवाब मिला। यह जवाब अकाल तख्त और तख्त श्री दमदमा साहिब गुरुद्वारा के पूर्व मुख्य ग्रंथी ज्ञानी हरप्रीत सिंह की ओर से था। वे सिख राजनीति में नेतृत्व के रूप में खुद को देखते हैं, जो शिरोमणि अकाली दल की अंदरूनी दरारों से खतरनाक रूप से टूटी हुई है। वे नवां (नया) अकाली दल के प्रमुख के रूप में जगह बनाने की कोशिश कर रहे हैं। हालांकि वे इसे अलग गुट कहने पर आपत्ति जताते हैं। उनका कहना है कि असल में सुखबीर सिंह बादल का अकाली दल अलग हुआ है। सिख राजनीति में तीसरी ताकत अमृतपाल सिंह का शिरोमणि अकाली दल (वारिस पंजाब दे) है। इन हलात का खतरनाक ताकतें, खासकर आईएसआई फायदा उठा रही हैं।

ज्ञानी जी अक्सर ट्वीट करते हैं और लगभग हमेशा पंजाबी (गुरुमुखी) में ही ऐसा करते हैं। फिलहाल उनकी टाइमलाइन पंजाब में बाढ़ की तबाही के विजुअल्स से भरी है। नई दिल्ली का विरोध सिख राजनीति का केंद्रीय मुद्दा है। ज्ञानी जी ने प्रधानमंत्री के अफगानिस्तान वाले ट्वीट को तुरंत पकड़ा और इस बार अंग्रेजी में लिखा- माननीय प्रधानमंत्री, अफगानिस्तान के लिए सहानुभूति जताना अच्छा है, लेकिन पंजाब भी इसी देश का हिस्सा है, जहां 17 अगस्त से करीब 1,500 गांव और 3 लाख लोग बुरी तरह प्रभावित हुए हैं।

हमें पता है कि प्रधानमंत्री ने लौटते ही पंजाब के मुख्यमंत्री भगवंत मान से बात की और हर तरह के सहयोग का वादा किया। केंद्रीय कृषि मंत्री शिवराज सिंह चौहान बाढ़ प्रभावित इलाकों में हैं, ज्यादातर समय पैदल, कई बार घुटनों तक पानी में, उखड़ी हुई फसलों को देखते हुए, यहां तक कि कभी-कभी किसी पौधे को फिर से लगाने की कोशिश भी करते हुए। लेकिन डूबता हुआ पंजाब दशकों में अपने सबसे मुश्किल दौर से गुजर रहा है। वे अपने राज्य में प्रधानमंत्री की मौजूदगी की उम्मीद करते हैं, भले ही वे उस भाजपा से हों, जिसे पंजाब में सिख आम तौर पर वोट नहीं देते। यह पहले से ही अलगाव को बढ़ावा दे रहा है, जो तीन कृषि कानूनों के खिलाफ आंदोलन के बाद से ही पनप रहा है।

भाजपा सबकुछ जीतने की सोच रखने वाली पार्टी है। वो हर उस राज्य में जीतना चाहती है, जहां अब तक उसकी पकड़ नहीं रही। तमिलनाडु, तेलंगाना, केरल और पश्चिम बंगाल उसकी आकांक्षा बने रहे हैं। असम, त्रिपुरा और मणिपुर को उसने दशकों की मेहनत और संघ प्रचारकों की कोशिशों से जीता है। तो पंजाब क्यों नहीं?

पंजाब की दूरी भाजपा को परेशान करती है। अब तक सिर्फ एक बार ही वे यहां सत्ता में साझेदार बने थे, वह भी शिरोमणि अकाली दल के कनिष्ठ साथी के तौर पर। यह कदम अटल बिहारी वाजपेयी ने 1990 के दशक में उठाया था। मौजूदा भाजपा नेतृत्व ने उस गठबंधन को तोड़कर पंजाब में अकेले लड़ने का फैसला किया। इसका उन्हें कोई फायदा नहीं मिला, लेकिन वोट प्रतिशत 2022 के विधानसभा चुनाव (6.6 फीसदी) से बढ़कर 2024 की लोकसभा में 18.56 फीसदी हो गया। इस तरह वे अपने पुराने वरिष्ठ साथी अकाली दल (13.2 फीसदी) से भी आगे निकल गए। जबकि कांग्रेस और आम आदमी पार्टी को 26-26 फीसदी वोट मिले।

भाजपा एक लगातार चुनाव लड़ने वाली सेना की तरह है और उसके नेता सोच सकते हैं कि अगर सिख वोट तीन हिस्सों में बंट जाएं- शिरोमणि अकाली दल, कांग्रेस और उग्रपंथियों के बीच- और हिंदू वोट एकजुट हो जाएं, तो वह अकेले सत्ता हासिल कर सकती है। हिंदू-मुस्लिम ध्रुवीकरण के जरिए जीतना, खासकर जहां मुसलमान अल्पसंख्यक हैं, पंजाब से बिल्कुल अलग है, जहां सिख बहुमत में हैं। पिछले लोकसभा चुनावों में भी अकालियों का प्रदर्शन इसलिए इतना खराब रहा था, क्योंकि उनका ठीक आधा वोट, यानी करीब 13 फीसदी, उग्रपंथियों ने ले लिया था। चाहे पसंद आए या न आए, लेकिन पंजाब में उग्रपंथियों की बढ़ती लोकप्रियता एक समस्या बन चुकी है। जनता का अकालियों से मोहभंग बढ़ रहा है और भाजपा को ध्रुवीकरण करने वाली पार्टी के रूप में देखा जा रहा है। अलगाववादी इसी माहौल में सक्रिय हैं और पाकिस्तानी भी इसमें खेल रहे हैं।

**उस राज्य के प्रति देश की कुछ जिम्मेदारियां हैं...**

**एक आपदा केंद्र-भाजपा के लिए पंजाब के साथ खड़े होने का अच्छा अवसर होता। यह राज्य से नया रिश्ता बनाने का मौका भी होता। भारत की जिम्मेदारी है कि उस राज्य और उसके लोगों के लिए सबकुछ करे, जिनके योगदान के बिना गणराज्य की कल्पना नहीं की जा सकती।**

कई नए यूट्यूब चैनल और सोशल मीडिया हैंडल बेहद चालाकी से प्रोपगेंडा चला रहे हैं। वे ये संदेश दे रहे हैं कि मुसलमान और सिख, दोनों एकेश्वरवादी और पंजाबी हैं और इस नाते उनके बीच कोई असली समस्या नहीं है। परेशानी हिंदुओं से आती है और इसलिए सिखों को अलग तरह से सोचना चाहिए। यह प्रोपगेंडा पंजाबी पहचान का भी इस्तेमाल करता है, यानी साझा संस्कृति, भाषा, संगीत और सीमा पार के रिश्तों का। मैंने इनमें से कई चैनल देखे हैं, जिनमें कनाडा और ब्रिटेन से चलाए जा रहे कुछ लोकप्रिय पॉडकास्ट भी शामिल हैं। ये राजनीति पर बहुत चालाकी से बात करते हैं। मैंने कनाडा से एक 66 मिनट का शो देखा, जिसमें एंकर पाकिस्तान एयरफोर्स के एक वेटरन और ऑपरेशन सिंदूर पर लिखने वाले लेखक से बात कर रहा था। शो में भारतीय वायुसेना की खूब तारीफ की गई, लेकिन संदेश यह था कि छोटी और फुर्तीली पाकिस्तानी वायुसेना ने बेहतर काम किया। पंजाब में ऐसी सामग्री खूब देखी जा रही है।

एक राष्ट्र जो अपने इतिहास से नहीं सीखता, उसे भारी कीमत चुकानी पड़ती है। साठ साल पहले मिजोरम में चूहों ने अनाज के भंडार खा डाले थे और लोग भूखों मरने लगे थे। राज्य सरकार नाकाम रही और केंद्र बहुत दूर था। इस बीच लालडेंगा- जो हाल ही में सेना से छुट्टी लेकर आए थे- ने मिजो नेशनल फैमिन फ्रंट (एमएनएफएफ) बनाया। यह 1966 तक मिजो नेशनल फ्रंट बन गया और दो दशक तक चीन और पाकिस्तान से समर्थन पाकर हिंसक विद्रोह चलाता रहा। भारत वही गलती दोबारा पंजाब में नहीं कर सकता।

(ये लेखक के अपने विचार हैं)

**ਪ੍ਰਸਿੱਧ** ਭਾਰਤੀ ਪੱਤਰਕਾਰ ਸ਼ੇਖਰ ਗੁਪਤਾ ਦਾ ਪੰਜਾਬ ਬਾਰੇ ਲਿਖਿਆ ਤੇ ਕਈ ਰਾਸ਼ਟਰੀ ਮੀਡੀਆ ਪਲੇਟਫ਼ਾਰਮਾਂ ਤੇ ਪ੍ਰਕਾਸ਼ਿਤ ਤਾਜਾ ਲੇਖ ਕਾਫੀ ਧਿਆਨ ਮੰਗਦਾ ਹੈ. ਜਿੱਥੇ ਗੁਪਤਾ ਨੇ ਭਾਰਤ ਸਰਕਾਰ ਨੂੰ ਸੁਚੇਤ ਕੀਤਾ ਹੈ ਕਿ ਪੰਜਾਬ ਇੱਕ ਵਾਰ ਮੁੜ ਤੋਂ ਭਾਰਤ ਦੇ ਹੱਥਾਂ ਵਿਚੋਂ ਨਿਕਲਣ ਦੀ ਕਾਗਾਰ ਤੇ ਹੈ. ਇਸ ਲਈ ਉਹ ਮਨੀਪੁਰ ਦੀ ਉਦਾਹਰਨ ਦਿੰਦਾ ਹੈ ਤੇ ਇਕ ਤਰ੍ਹਾਂ ਨਾਲ ਭਾਰਤ ਸਰਕਾਰ ਦੁਆਰਾ ਪੰਜਾਬ ਪ੍ਰਤੀ ਅਪਣਾਏ ਜਾਣ ਵਾਲੇ ਦੋਹਰੇ ਪੈਂਤੜਿਆਂ ਦੀ ਗੱਲ ਕਰਦਾ ਹੈ. ਉਹ ਸਰਕਾਰ ਨੂੰ ਸੁਚੇਤ ਕਰਦਾ ਹੈ ਕਿ ਚੁਰਾਸੀ ਤੋਂ ਬਾਅਦ ਪਾਕਿਸਤਾਨੀ ਖੁਫੀਆ ਏਜੰਸੀ ਆਈਐਸਆਈ ਸਿੱਖਾਂ ਨੂੰ ਮੁੜ ਇਸਤੇਮਾਲ ਕਰਨ ਤੁਰ ਪਈ ਹੈ. ਹਾਲਾਂਕਿ ਇਹ ਉਸ ਦਾ ਦਹਾਕਿਆਂ ਪੁਰਾਣਾ ਘਿਸਿਆ ਪਿਟਿਆ ਤਰਕ ਤੇ ਦੋਸ਼ ਹੈ, ਪਰ ਇਕ ਗੱਲ ਸਾਫ ਹੈ ਕਿ ਸ਼ੇਖਰ ਗੁਪਤਾ ਇਸ ਗੱਲ ਨੂੰ ਭਲੀ-ਭਾਂਤ ਸਮਝਦਾ ਹੈ ਕਿ ਪੰਜਾਬ ਤੇ ਇੱਥੋਂ ਦੇ ਸਿੱਖ ਭਾਰਤ ਸਰਕਾਰ ਅਤੇ ਭਾਜਪਾ ਦੀ ਸਮਝ ਤੋਂ ਬਾਹਰ ਹਨ. ਉਹ ਕਿਸਾਨ ਅੰਦੋਲਨ ਤੇ ਲੈਂਡ ਪੂਲਿੰਗ ਪਾਲਿਸੀ ਨੂੰ ਮੁੱਖ ਰੱਖਕੇ ਆਪਣੀ ਗੱਲ ਕਰਦਾ ਹੋਇਆ ਪੰਜਾਬ ਵਿਚਲੇ ਅਕਾਲੀ ਦਲਾਂ, ਖਾਸ ਕਰਕੇ ਗਿਆਨੀ ਹਰਪ੍ਰੀਤ ਸਿੰਘ ਦੇ ਟਵੀਟਾਂ ਅਤੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਰਾਜਸੀ ਪੈਂਤੜੇ ਪ੍ਰਤੀ ਫਿਕਰਮੰਦੀ ਜ਼ਾਹਰ ਕਰਦਾ ਹੈ. ਇਸ ਲੇਖ ਨੂੰ ਉਸ ਨੇ ਕਿੰਨੀ ਤਵਜੋਂ ਦਿੱਤੀ ਹੈ, ਉਹ ਇਸ ਗੱਲ ਤੋਂ ਵੀ ਸਾਫ ਹੁੰਦਾ ਹੈ ਕਿ ਇਹ ਲੇਖ ਪਿਛਲੇ ਇੱਕ ਹਫ਼ਤੇ ਤੋਂ ਲਗਾਤਾਰ ਕਿਤੇ ਨਾ ਕਿਤੇ ਪ੍ਰਕਾਸ਼ਿਤ ਹੁੰਦਾ ਆ ਰਿਹਾ ਹੈ. ਇਸ ਲਈ ਇਹ ਦੇਖਣਾ ਬੇਹੱਦ ਜ਼ਰੂਰੀ ਹੈ ਕਿ ਸ਼ੇਖਰ ਗੁਪਤਾ ਜਿਹੇ ਪੱਤਰਕਾਰ ਹੁਣ ਪੰਜਾਬ ਨੂੰ ਲੈ ਕੇ ਕਿਹੜਾ ਬਿਰਤਾਂਤ ਉਭਾਰਦੇ ਹਨ.

ਇੱਕ ਗੱਲ ਤੇ ਸਪੱਸ਼ਟ ਹੈ ਕਿ ਸਿੱਖਾਂ ਦੇ ਹਰ ਕਿਸਮ ਦੇ ਉਥਾਨ ਨੂੰ ਪਾਕਿਸਤਾਨ ਨਾਲ ਜੋੜ ਕੇ, ਤੇ ਮੁਸਲਮਾਨਾਂ ਨਾਲ ਮਿਲਾ ਕੇ ਦੇਖਣਾ ਭਾਰਤੀ ਬਿਰਤਾਂਤ ਵਿਵਸਥਾ ਦਾ ਇੱਕ ਜਾਣਿਆ ਪਛਾਣਿਆ ਪੈਂਤੜਾ ਹੈ. ਪਾਕਿਸਤਾਨ ਭਾਰਤੀ ਹਿੰਦੂਤਵਾ ਰਾਜਨੀਤੀ ਲਈ ਸੰਤਾਲੀਵਿਆਂ ਤੋਂ ਲੈ ਕੇ ਹਣ ਤੱਕ ਇਕ ਜ਼ਰੂਰੀ ਲੋੜ ਵਜੋਂ ਸਾਹਮਣੇ ਆਇਆ ਹੈ. ਹਾਲਾਂਕਿ ਇਹੀ ਭਾਰਤੀ ਬਿਰਤਾਂਤਕ ਵਿਵਸਥਾ ਇਕ ਪਾਸੇ ਪਾਕਿਸਤਾਨ ਨੂੰ ਭੁੱਖਾ-ਨੰਗਾ ਤੇ ਕੰਗਾਲ ਦੇਸ ਦੱਸਦੀ ਹੈ ਤੇ ਦੂਜੇ ਪਾਸੇ ਉਸ ਨੂੰ ਏਨਾ ਮਜ਼ਬੂਤ ਵੀ ਦਰਸਾਉਂਦੀ ਹੈ ਕਿ ਉਹ ਭਾਰਤ ਅੰਦਰ ਆਪਣੀਆਂ ਨੀਤੀਆਂ ਦਾ ਖੁੱਲੇਆਮ ਪ੍ਰਦਰਸ਼ਨ ਕਰ ਸਕੇ ਤੇ ਇੱਥੋਂ ਦੀ ਇਕ ਪ੍ਰਮੁੱਖ ਆਬਾਦੀ ਸਿੱਖਾਂ ਨੂੰ ਆਪਣੇ ਇਸ਼ਾਰਿਆਂ ਤੇ ਨਚਾ ਸਕੇ. ਭਾਰਤੀ ਬਿਰਤਾਂਤ ਦਾ ਹਾਲਾਂਕਿ ਤੁਹਾਨੂੰ ਇਹ ਲੱਚਰਪਣ ਲੱਗ ਸਕਦਾ ਹੈ, ਪਰ ਅਜਿਹਾ ਕਰਕੇ ਉਹ ਇਕ ਤੀਰ ਨਾਲ ਦੋ ਨਿਸ਼ਾਨੇ ਸਾਧਦਾ ਹੈ-

1. ਸਿੱਖਾਂ ਨੂੰ ਪਾਕਿਸਤਾਨ ਨਾਲ ਜੋੜ ਕੇ ਤੇ ਪਾਕਿਸਤਾਨ ਪ੍ਰਸਤ ਸਾਬਤ ਕਰਕੇ ਭਾਰਤ ਹਿੰਦੂਤਵੀ ਮਾਨਸਿਕਤਾ ਅੰਦਰ ਸਿੱਖਾਂ ਦੀ ਦੇਸ਼ ਵਿਰੋਧੀ ਦਿੱਖ ਨੂੰ ਸਥਾਪਤ ਕਰਨਾ ਚਾਹੁੰਦਾ ਹੈ ਤਾਂ ਜੋ ਭਵਿੱਖ ਵਿਚ ਜਦ ਵੀ ਕਦੀ ਸਿੱਖ ਦਮਨ ਦਾ ਦਿਸਦਾ ਚਿਹਰਾ ਉਭਾਰਿਆ ਜਾਏ ਤਾਂ ਦੇਸ਼ ਦੀ ਜਨਤਾ ਉਸ ਦਾ ਉਸੇ ਤਰ੍ਹਾਂ ਸਾਥ ਦੇਵੇ, ਜਿਵੇਂ ਇੰਦਰਾ ਗਾਂਧੀ ਵੇਲੇ ਭਾਰਤੀ ਹਿੰਦੂਆਂ ਨੇ ਸਿੱਖ ਕਤਲੇਆਮ ਦਾ ਦਿੱਤਾ ਸੀ.

2. ਅਜਿਹਾ ਕਰਦਿਆਂ ਉਹ ਬਾਕੀ ਭਾਰਤੀਆਂ ਅੱਗੇ ਇਹ ਪੱਖ ਰੱਖਣਾ ਚਾਹੁੰਦਾ ਹੈ ਕਿ ਭਾਰਤ ਤਾਂ ਸਿੱਖਾਂ ਦਾ ਭਲਾ ਕਰਨਾ ਚਾਹੁੰਦਾ ਹੈ, ਪਰ ਕੁਝ ਖਾਲਿਸਤਾਨੀ ਕਿਸਮ ਦੇ ਲੋਕ ਪਾਕਿਸਤਾਨ ਨਾਲ ਮਿਲ ਕੇ ਭਾਰਤ ਵਿਰੋਧੀ ਮੁਹਿੰਮ ਚਲਾ ਰਹੇ ਹਨ. ਪਰ ਭਾਰਤ ਸਰਕਾਰ ਕਦੀ ਵੀ ਦੇਸ਼ ਅੱਗੇ ਇਹ ਅੰਕੜੇ ਨਹੀਂ ਰੱਖਦੀ ਕਿ ਇਹ "ਕੁਝ" ਖਾਲਿਸਤਾਨੀ ਲੋਕ ਦਰਅਸਲ ਹਨ ਕਿੰਨੇ ? ਕਿਉਂਕਿ ਸਰਕਾਰ ਇਹ ਚੰਗੀ ਤਰ੍ਹਾਂ ਜਾਣਦੀ ਹੈ ਕਿ ਇਹ ਅਸਲ ਵਿੱਚ ਕੁਝ ਹਨ ਹੀ ਨਹੀਂ. ਇਹ ਇੱਕ ਵੱਡਾ ਹਿੱਸਾ ਹੈ ਤੇ ਇਸ ਨੂੰ ਕਾਬੂ ਕਰਨ ਲਈ ਇਸ ਦੀਆਂ ਹਰ ਇਕ ਗਤੀਵਿਧੀਆਂ ਨੂੰ ਵਿਰੋਧੀ ਦੇਸ਼ ਨਾਲ ਜੋੜਨਾ ਜ਼ਰੂਰੀ ਹੈ ਤਾਂ ਜੋ ਇਸ ਹਿੱਸੇ ਪ੍ਰਤੀ ਸਾਹਮਣੇ ਲਿਆਂਦੇ ਜਾ ਰਹੇ ਦਮਨ ਤੇ ਅਣਮਨੁੱਖਤਾ ਨੂੰ ਸਹੀ ਸਾਬਤ ਕੀਤਾ ਜਾ ਸਕੇ.

ਸ਼ੇਖਰ ਗੁਪਤਾ ਇਸ ਮਸਲੇ ਚ ਸਰਕਾਰ ਦੀ ਪੂਰੀ ਤਰ੍ਹਾਂ ਮਦਦ ਕਰ ਰਿਹਾ ਹੈ. ਕਿਸਾਨ ਅੰਦੋਲਨ ਸਮੇਤ ਪੰਜਾਬ ਤੇ ਸਿੱਖਾਂ ਬਾਰੇ ਉਸ ਦਾ ਸਾਰਾ ਬਿਰਤਾਂਤ ਇਸੇ ਜੜ ਚੋਂ ਰੂਪ ਧਾਰਨ ਕਰਦਾ ਹੈ. ਉਹ ਬੇਸ਼ੱਕ ਆਪਣੇ ਲਿਬਰਲ ਨਕਾਬ ਹੇਠ ਸਰਕਾਰ ਦਾ ਆਲੋਚਕ ਬਣਦਾ ਪ੍ਰਤੀਤ ਹੋਏ, ਪਰ ਉਹ ਮੁੱਖ ਧਾਰਾ ਦੀ ਰਾਜਨੀਤੀ ਦਾ ਸ਼ੁਰੂ ਤੋਂ ਪੱਖੀ ਰਿਹਾ ਹੈ. ਇਸੇ ਲਈ ਉਹ ਆਖਦਾ ਹੈ ਕਿ ਭਾਜਪਾ ਨੂੰ ਪੰਜਾਬ ਬਾਰੇ ਸਮਝਣ ਦੀ ਲੋੜ ਹੈ ਕਿ ਇੱਥੇ ਕਿਵੇਂ ਜਿੱਤ ਪ੍ਰਾਪਤ ਕਰਨੀ ਹੈ. ਓਹ ਲਿਖਦਾ ਵੀ ਹੈ ਕਿ ਸਿੱਖ ਵੋਟ ਨੂੰ ਵੰਡ ਕੇ ਤੇ ਹਿੰਦੂ ਵੋਟ ਨੂੰ ਇੱਕ ਥਾਂ ਲਿਆ ਕੇ ਹੀ ਭਾਜਪਾ ਅਜਿਹਾ ਕਰ ਸਕਦੀ ਹੈ. ਪਰ ਉਹ ਇਹ ਵੀ ਨਹੀਂ ਭੁੱਲਦਾ ਕਿ ਸਿੱਖਾਂ ਦੀ ਗਰਮ ਦਲ ਵੋਟ ਉਸ ਦਾ ਖੇਡ ਵਿਗਾੜਨ ਦੀ ਸਮਰੱਥਾ ਰੱਖਦੀ ਹੈ. ਇਸ ਲਈ ਉਹ ਗਰਮ ਦਲੀ ਸਿੱਖਾਂ ਤੋਂ ਬਚਣ ਦਾ ਅਸਿੱਧਾ ਰਾਹ ਵੀ ਭਾਜਪਾ ਨੂੰ ਸੁਝਾਉਂਦਾ ਹੈ.

ਇਹੀ ਨਹੀਂ, ਜਦ ਬਹੁਗਿਣਤੀ ਮਾਨਵਤਾ ਪਸੰਦ ਲੋਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਪੰਜਾਬ ਹੜ੍ਹਾਂ ਦੌਰਾਨ ਦਿਖਾਈ ਬੇਰੁਖ਼ੀ ਕਾਰਨ ਉਸ ਦੀ ਆਲੋਚਨਾ ਕਰਦੇ ਹਨ, ਗੁਪਤਾ ਇਹ ਤੱਥ ਦੇ ਕੇ ਲੋਕਾਂ ਨੂੰ ਭਰਮਾਉਂਦਾ ਹੈ ਕਿ ਆਪਣੇ ਵਿਦੇਸ਼ ਦੌਰ ਤੋਂ ਭਾਰਤ ਮੁੜਨ ਤੇ ਮੋਦੀ ਉਸੇ ਵਕਤ ਭਗਵੰਤ ਮਾਨ ਨਾਲ ਇਸ ਬਾਬਤ ਮਿਲਣੀ ਕਰਦਾ ਹੈ. ਪਰ ਇਸ ਮਿਲਣੀ ਦਾ ਅਮਲੀ ਨਤੀਜਾ ਕੀ ਸੀ ? ਉਸ ਬਾਰੇ ਉਹ ਚੁੱਪ ਹੈ. ਉਹ ਇਹ ਵੀ ਨਹੀਂ ਦੱਸਦਾ ਕਿ ਜਦ ਪ੍ਰਧਾਨ ਮੰਤਰੀ ਹੜ੍ਹਾਂ ਦੇ ਮਾਮਲੇ ਚ ਹੀ ਬਾਕੀ ਭਾਰਤ ਨੂੰ ਮੁਖਾਤਬ ਸੀ, ਉਦੋਂ ਪੰਜਾਬ ਬਾਰੇ ਚੁੱਪ ਕਿਉਂ ਰਿਹਾ, ਪਰ ਉਹ ਇਹ ਜ਼ਰੂਰ ਬਿਆਨ ਕਰਦਾ ਹੈ ਕਿ ਭਾਜਪਾ ਨੇਤਾ ਇਨ੍ਹਾਂ ਹੜ੍ਹਾਂ ਦੌਰਾਨ ਲਗਾਤਾਰ ਪੰਜਾਬ ਵਿੱਚ ਰਹੇ. ਬੇਸ਼ਰਮੀ ਤੇ ਉਹ ਉਦੋਂ ਧਾਰਨ ਕਰਦਾ ਹੈ, ਜਦ ਸ਼ਿਵਰਾਜ ਚੌਹਾਨ ਦੇ ਸਕਿਰਪਟਡ ਡਰਾਮੇ ਨੂੰ ਝੋਨੇ ਦੀ ਪਨੀਰੀ ਮੁੜ ਲਾਉਣ ਦੇ ਯਤਨ ਵਜੋਂ ਪੇਸ਼ ਕਰਦਾ ਹੈ. ਉਹ ਕਹਿੰਦਾ ਹੈ ਕਿ ਚੌਹਾਨ ਨੂੰ ਪੰਜਾਬ ਹੜ੍ਹਾਂ ਦਾ ਏਨਾ ਦਰਦ ਮਾਰਿਆ ਕਿ ਉਸ ਨੇ ਖਰਾਬ ਹੋਈ ਫਸਲ ਮੁੜ ਲਗਾਉਣ ਤੱਕ ਦੀ ਕੋਸ਼ਸ਼ ਕੀਤੀ. ਅੱਧਾ ਸਰੀਰ ਪਾਣੀ ਵਿੱਚ ਡੋਬਿਆ . ਪਰ ਉਹ ਇਹ ਨਹੀਂ ਦੱਸਦਾ ਕਿ ਇਹ ਹੜ ਪੰਜਾਬ ਵਿੱਚ ਲਿਆਂਦੇ ਕਿਉਂ ਗਏ. ਇਸ ਤਰ੍ਹਾਂ ਉਹ ਭਾਜਪਾ ਦੀ ਇੱਕ ਹਾਂ ਪੱਖੀ ਤਸਵੀਰ ਉਭਾਰ ਕੇ ਨਾ ਸਿਰਫ ਲੋਕਾਂ ਨੂੰ ਗੁਮਰਾਹ ਕਰ ਰਿਹਾ ਹੈ, ਬਲਕਿ ਗਲਤ ਤੱਥ ਵੀ ਪੇਸ਼ ਕਰ ਰਿਹਾ ਹੈ.

ਸ਼ੇਖਰ ਗੁਪਤਾ ਦੀ ਇਹ ਬੇਈਮਾਨਾ ਕੋਸ਼ਸ਼ ਦੱਸਦੀ ਹੈ ਕਿ ਭਾਰਤ ਸਰਕਾਰ ਅੰਦਰ ਵੀ ਸਿੱਖਾਂ ਦੇ ਲਗਾਤਾਰ ਉਭਾਰ ਨੇ ਦਿੱਕਤ ਪੈਦਾ ਕੀਤੀ ਹੈ. ਪਰ ਇਸ ਦਿੱਕਤ ਨੂੰ ਸਿੱਖ ਕਿਵੇਂ ਸਮਝਦੇ ਹਨ, ਇਹ ਵੀ ਵਿਚਾਰਨ ਵਾਲੀ ਗੱਲ ਹੈ.

**-ਪਰਮਿੰਦਰ ਸਿੰਘ ਸ਼ੌਂਕੀ**

## ਆਪ-ਅੰਮ੍ਰਿਤਸਰ ਦਿਹਾਤੀ ਟ੍ਰੇਡ ਵਿੰਗ ਦੀ ਮੀਟਿੰਗ 'ਚ ਵਪਾਰ ਨੂੰ ਵਧਾਵਾ ਦੇਣ 'ਤੇ ਜ਼ੋਰ : ਸ਼ੀਤਲ ਜੁਨੇਜਾ,ਅਭਿਸ਼ੇਕ ਬੰਸ਼ਲ



**ਚੌਕ ਮਹਿਤਾ, 12 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਆਮ ਆਦਮੀ ਪਾਰਟੀ ਟ੍ਰੇਡ ਵਿੰਗ ਦੇ ਸੂਬਾ ਪ੍ਰਧਾਨ ਸ਼੍ਰੀ ਅਨਿਲ ਠਾਕੁਰ ਦੇ ਨਿਰਦੇਸ਼ ਅਨੁਸਾਰ ਅੱਜ ਅੰਮ੍ਰਿਤਸਰ ਦਿਹਾਤੀ ਜ਼ਿਲ੍ਹਾ ਪ੍ਰਧਾਨ ਸ਼੍ਰੀ ਅਭੀਸ਼ੇਕ ਬੰਸਲ ਦੇ ਨਿਵਾਸ ਸਥਾਨ 'ਤੇ ਟ੍ਰੇਡ ਵਿੰਗ ਦੀ ਇੱਕ ਮਹੱਤਵਪੂਰਨ ਮੀਟਿੰਗ ਕਰਵਾਈ ਗਈ। ਇਸ ਮੀਟਿੰਗ ਵਿੱਚ ਮੁੱਖ ਤੌਰ 'ਤੇ ਮਾਝਾ ਜ਼ੋਨ ਇੰਚਾਰਜ ਸ਼੍ਰੀ ਸ਼ੀਤਲ ਜੁਨੇਜਾ ਜੀ ਖਾਸ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਦੌਰਾਨ ਸਾਰੇ ਹਾਜ਼ਰ ਕੋਆਰਡੀਨੇਟਰਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਪਾਰਟੀ ਦੇ ਸੰਗਠਨ ਨੂੰ ਮਜ਼ਬੂਤ ਕਰਨ ਸਬੰਧੀ ਰਣਨੀਤੀ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਸਾਰੇ ਹਲਕਾ ਕੋਆਰਡੀਨੇਟਰਾਂ ਨੇ ਭਰੋਸਾ ਦਿਵਾਇਆ ਕਿ ਪਾਰਟੀ ਵੱਲੋਂ ਸੌਂਪੀ ਗਈ ਹਰ ਜ਼ਿੰਮੇਵਾਰੀ ਨੂੰ ਪੂਰੀ ਲਗਨ ਤੇ ਇਮਾਨਦਾਰੀ ਨਾਲ ਨਿਭਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਦੀ ਮਜ਼ਬੂਤੀ ਅਤੇ ਵਪਾਰੀ ਵਰਗ ਦੀ ਤਰੱਕੀ ਲਈ ਟ੍ਰੇਡ ਵਿੰਗ ਹਮੇਸ਼ਾਂ ਅਗੇ ਰਹਿ ਕੇ ਕੰਮ ਕਰੇਗੀ। ਅਤੇ ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸ਼ਮਾ ਕੋਆਡੀਨੇਟਰ ਟ੍ਰੇਡ ਵਿੰਗ ਹਲਕਾ ਜੰਡਿਆਲਾ ਗੁਰੂ ਨੇ ਪੱਤਰਕਾਰ ਨਾਲ ਇਕ ਸਾਝੇ ਤੋਰ ਗੱਲਬਾਤ ਦੌਰਾਨ ਕੀਤੀ ਟ੍ਰੇਡ ਵਿੰਗ ਦੇ ਨੇਤਾਵਾਂ ਨੇ ਇਹ ਵੀ ਕਿਹਾ ਕਿ ਵਪਾਰੀ ਵਰਗ ਦੀਆਂ ਸਮੱਸਿਆਵਾਂ ਜਿਵੇਂ ਕਿ ਟੈਕਸ ਨਾਲ ਜੁੜੀਆਂ ਪਰੇਸ਼ਾਨੀਆਂ, ਮਾਰਕੀਟਾਂ ਦੀ ਸੁਰੱਖਿਆ, ਢਾਂਚਾਗਤ ਸੁਵਿਧਾਵਾਂ ਦੀ ਘਾਟ ਅਤੇ ਛੋਟੇ ਵਪਾਰੀਆਂ ਨੂੰ ਪ੍ਰੋਤਸਾਹਨ ਦੇਣ ਵਾਲੇ ਮਸਲੇ 'ਤੇ ਆਪ ਹਮੇਸ਼ਾਂ ਉਨ੍ਹਾਂ ਦੇ ਨਾਲ ਖੜੀ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਵਪਾਰੀਆਂ ਦੀ ਆਵਾਜ਼ ਸਰਕਾਰ ਤਕ ਪਹੁੰਚਾਉਣ ਅਤੇ ਉਨ੍ਹਾਂ ਲਈ ਬਿਹਤਰ ਮਾਹੌਲ ਬਣਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਇਸ ਮੌਕੇ 'ਤੇ ਕੁਲਵੰਤ ਸਿੰਘ, ਹਰਿੰਦਰ ਗਿੱਲ, ਜਗਜੀਤ ਰੰਧਾਵਾ ਅਮਰਜੀਤ ਜਲਾਲ ਉਸ਼ਮਾ, ਰਾਜੀਵ ਭੰਡਾਰੀ,ਅਵਿਨਾਸ਼ ਗ੍ਰੋਵਰ ,ਵਰਮਾ ਸਮੇਤ ਪਾਰਟੀ ਦੇ ਹੋਰ ਸੀਨੀਅਰ ਨੇਤਾ ਵੀ ਮੌਜੂਦ ਰਹੇ।

## ਗੁਰਿੰਦਰ ਸਿੰਘ ਜੋਸਨ CBE, MP ਦਾ ਬਿਆਨ: 9 ਸਤੰਬਰ ਨੂੰ ਓਲਡਬਰੀ 'ਚ ਸਿੱਖ ਔਰਤ 'ਤੇ ਹੋਏ ਰੇਪ ਅਤੇ ਨਸਲੀ ਹਮਲੇ 'ਤੇ ਅੱਪਡੇਟ




**ਲੰਡਨ, 13 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸਮੈਥਵਿਕ ਦੇ ਸੰਸਦ ਮੈਂਬਰ ਗੁਰਿੰਦਰ ਸਿੰਘ ਜੋਸਨ 325 ਨੇ 12 ਸਤੰਬਰ 2025 ਨੂੰ ਇੱਕ ਬਿਆਨ ਜਾਰੀ ਕਰਕੇ 9 ਸਤੰਬਰ 2025 ਨੂੰ ਸਵੇਰੇ 8:00 ਤੋਂ 8:30 ਵਜੇ ਦੌਰਾਨ ਓਲਡਬਰੀ ਵਿੱਚ ਇੱਕ ਸਿੱਖ ਵਿਰਾਸਤ ਵਾਲੀ ਔਰਤ 'ਤੇ ਹੋਏ ਭਿਆਨਕ ਹਮਲੇ 'ਤੇ ਅੱਪਡੇਟ ਦਿੱਤਾ ਹੈ। ਇਹ ਹਮਲਾ ਟੇਮ ਰੋਡ 'ਤੇ, ਜੋ ਉਨ੍ਹਾਂ ਦੇ ਆਫਿਸ ਤੋਂ ਕੁਝ ਦੂਰੀ 'ਤੇ ਹੈ, ਹੋਇਆ। ਇਸ ਵਿੱਚ ਰੇਪ ਦੀ ਘਟਨਾ ਸ਼ਾਮਲ ਸੀ, ਜਿਸ ਨੂੰ ਪੁਲਿਸ ਨੇ ਨਸਲੀ ਹਮਲਾ ਮੰਨਿਆ ਹੈ ਕਿਉਂਕਿ ਹਮਲਾਵਰ ਨੇ ਸ਼ਿਕਾਰ 'ਤੇ ਨਸਲੀ ਟਿੱਪਣੀ ਕੀਤੀ। ਜੋਸਨ ਨੇ ਦੱਸਿਆ ਕਿ ਉਨ੍ਹਾਂ ਨੂੰ ਸੈਂਡਵੈਲ ਪੁਲਿਸ ਕਮਾਂਡਰ ਚੀਫ ਸੁਪਰਟੈਂਡੈਂਟ ਕਿਮ ਮੈਡਿਲ ਤੋਂ ਤੀਜੀ ਬ੍ਰੀਫਿੰਗ ਮਿਲੀ ਹੈ। ਪੁਲਿਸ ਦੋ ਸਫੈਦ ਮਰਦਾਂ ਦੀ ਭਾਲ ਕਰ ਰਹੀ ਹੈ। ਪਹਿਲਾ ਸ਼ੱਕੀ ਭਾਰੀ ਸਰੀਰ ਵਾਲਾ, ਸਿਰ ਮੁੰਡਾ, ਗੂੜ੍ਹੇ ਰੰਗ ਦੀ ਸਵੈਟਸ਼ਰਟ ਅਤੇ ਦਸਤਾਨੇ ਪਹਿਨਿਆ ਹੋਇਆ ਸੀ। ਦੂਜਾ ਸ਼ੱਕੀ ਚਾਂਦੀ ਦੇ ਜ਼ਿਪ ਵਾਲੀ ਗ੍ਰੇ ਟੌਪ ਵਿੱਚ ਸੀ। ਪੁਲਿਸ ਇਸ ਨੂੰ ਇਕਾਂਤ ਘਟਨਾ ਮੰਨ ਰਹੀ ਹੈ ਅਤੇ CCTV, ਫੋਰੈਂਸਿਕ, ਅਤੇ ਹੋਰ ਜਾਂਚ ਤੇਜ਼ੀ ਨਾਲ ਜਾਰੀ ਹੈ।

ਜੋਸਨ ਨੇ ਸਥਾਨਕ ਲੋਕਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ CCTV ਫੁਟੇਜ ਅਤੇ ਜਾਣਕਾਰੀ ਪੁਲਿਸ ਨਾਲ ਸਾਂਝੀ ਕੀਤੀ। ਉਨ੍ਹਾਂ ਨੇ ਅਪੀਲ ਕੀਤੀ ਕਿ ਕੋਈ ਵੀ ਜਾਣਕਾਰੀ ਹੋਵੇ ਤਾਂ 101 'ਤੇ ਲੌਗ 798 ਜਾਂ 9 ਸਤੰਬਰ ਦਾ ਹਵਾਲਾ ਦੇ ਕੇ ਸੰਪਰਕ ਕਰੇ। ਉਨ੍ਹਾਂ ਨੇ ਸਮੁਦਾਇਕ ਭਾਵਨਾਵਾਂ ਨੂੰ ਸਮਝਦਿਆਂ ਪੁਲਿਸ ਨੂੰ ਜਾਂਚ ਜਾਰੀ ਰੱਖਣ ਦੀ ਅਪੀਲ ਕੀਤੀ ਅਤੇ ਸ਼ਿਕਾਰ ਦੀ ਸਹਾਇਤਾ 'ਤੇ ਜ਼ੋਰ ਦਿੱਤਾ, ਜੋ ਇਸ ਹਮਲੇ ਤੋਂ ਆ ?ਤਗ੍ਰਸਤ ਹੈ। ਉਹ ਪੁਲਿਸ ਨਾਲ ਨਜ਼ਦੀਕੀ ਸੰਪਰਕ ਵਿੱਚ ਰਹਿਣਗੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਧਰਮ ਯੁੱਧ ਮੋਰਚੇ ਦੌਰਾਨ 1982 ਵਿੱਚ ਸ੍ਰੀ ਤਰਨਤਾਰਨ ਸਾਹਿਬ ਰੇਲਵੇ ਫਾਟਕ ਤੇ ਸ਼ਹੀਦ ਹੋਏ 34 ਸਿੰਘ ਸ਼ਹੀਦਾਂ ਦੀ ਯਾਦ ਵਿੱਚ ਮਹਾਨ ਸ਼ਹੀਦੀ ਸਮਾਗਮ ਆਯੋਜਿਤ

# ਧਰਮ ਲਈ ਸ਼ਹੀਦ ਹੋਏ ਸਿੰਘ ਸਾਡੇ ਲਈ ਸਦਾ ਰਹਿਣਗੇ ਪ੍ਰੇਰਨਾਸ੍ਰੋਤ - ਜਥੇਦਾਰ ਦਾਦੂਵਾਲ
















**ਤਲਵੰਡੀ ਸਾਬੋ/ਦਾਦੂ ਸਾਹਿਬ, 13 ਸਤੰਬਰ (ਗੁਰਜੰਟ ਸਿੰਘ ਨਥੇਹਾ)**- ਧਰਮ ਯੁੱਧ ਮੋਰਚੇ ਦੌਰਾਨ 1982 ਵਿੱਚ ਸ੍ਰੀ ਤਰਨਤਾਰਨ ਸਾਹਿਬ ਰੇਲਵੇ ਫਾਟਕ ਤੇ ਸ਼ਹੀਦ ਹੋਏ 34 ਸਿੰਘ ਸ਼ਹੀਦਾਂ ਦੀ ਯਾਦ ਵਿੱਚ ਬਣੇ ਯਾਦਗਾਰੀ ਅਸਥਾਨ ਗੁਰਦੁਆਰਾ 34 ਸਿੰਘ ਸ਼ਹੀਦਾਂ ਬਲਾਕ ਨੂਰਪੁਰ ਬੇਦੀ ਜ਼ਿਲਾ ਰੋਪੜ ਵਿਖੇ ਸਲਾਨਾ ਮਹਾਨ ਸ਼ਹੀਦੀ ਸਮਾਗਮ 11 - 12 - 13 ਸਤੰਬਰ ਨੂੰ ਅਸਥਾਨ ਦੇ ਮੁੱਖ ਸੇਵਾਦਾਰ ਅੰਤਰਾਸ਼ਟਰੀ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਸ੍ਰੋਮਣੀ ਅਕਾਲੀ ਦਲ ਅਜ਼ਾਦ ਦੀ ਦੇਖ ਰੇਖ ਵਿੱਚ ਕੀਤਾ ਗਿਆ ਸਮਾਗਮ ਵਿੱਚ ਧੁਰ ਕੀ ਬਾਣੀ ਦੇ ਸ੍ਰੀ ਅਖੰਡ ਪਾਠਾਂ ਦੇ ਭੋਗ ਉਪਰੰਤ ਦੀਵਾਨ ਹਾਲ ਵਿੱਚ ਸ਼ਹੀਦੀ ਦੀਵਾਨ ਸਜਾਏ ਗਏ ਜਿਸ ਵਿੱਚ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਦਾਦੂ ਸਾਹਿਬ,ਬਾਬਾ ਸਤਨਾਮ ਸਿੰਘ ਸੇਵਾਦਾਰ 34 ਸਿੰਘ ਸ਼ਹੀਦਾਂ ਅਤੇ ਪੰਥ ਪ੍ਰਸਿੱਧ ਕਵੀਸ਼ਰ ਗਿ: ਗੁਰਮੁੱਖ ਸਿੰਘ ਐਮਏ ਨੇ ਰਸਭਿੰਨਾ ਕਥਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਸ਼ਹੀਦੀ ਸਮਾਗਮ ਨੂੰ ਸੰਬੋਧਨ ਕਰਦਿਆਂ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕੇ ਸ਼ਹੀਦ ਹੋਏ ਸਿੰਘਾਂ ਦੀਆਂ ਸ਼ਹਾਦਤਾਂ ਸਾਡੇ ਲਈ ਹਮੇਸ਼ਾ ਪ੍ਰੇਰਨਾਸ੍ਰੋਤ ਰਹਿਣਗੀਆਂ ਉਨਾਂ ਨੇ ਸੰਗਤਾਂ ਨਾਲ 1982 ਧਰਮਯੁੱਧ ਮੋਰਚੇ ਦੌਰਾਨ ਸ੍ਰੀ ਤਰਨ ਤਾਰਨ ਸਾਹਿਬ ਰੇਲਵੇ ਫਾਟਕ ਤੇ ਵਰਤੇ ਵਰਤਾਰੇ ਦਾ ਇਤਿਹਾਸ ਵੀ ਸਾਂਝਾ ਕੀਤਾ ਸਮਾਗਮ ਵਿੱਚ ਸ.ਗੁਰਮੀਤ ਸਿੰਘ ਰਾਮਸਰ ਕਾਲਕਾ ਸੀਨੀਅਰ ਮੀਤ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਜਥੇਦਾਰ ਸਵਰਨ ਸਿੰਘ ਬੁੰਗਾ ਟਿੱਬੀ ਮੈਂਬਰ ਅਤੇ ਚੇਅਰਮੈਨ ਲੰਗਰ ਖਰੀਦ ਵਿੰਗ,ਬਾਬਾ ਅਵਤਾਰ ਸਿੰਘ ਗੁਰਦੁਆਰਾ ਹੈਡ ਦਰਬਾਰ ਟਿੱਬੀ ਸਾਹਿਬ,ਬਾਬਾ ਗੁਰਚਰਨ ਸਿੰਘ ਬੇਈਂਹਾਰਾ, ਬਾਬਾ ਬਲਦੇਵ ਸਿੰਘ ਬਗੀਚੀ ਵਾਲੇ,ਬਾਬਾ ਸਰੂਪ ਸਿੰਘ ਡੂਮੇਵਾਲ,ਸ੍ਰੀ ਲੋਗਨਾਥਨ ਮੁਰੂਗਨ ਸੂਚਨਾ ਅਤੇ ਪ੍ਰਸਾਰਣ ਕੇਂਦਰੀ ਰਾਜ ਮੰਤਰੀ ਭਾਰਤ ਸਰਕਾਰ,ਅਜੇਵੀਰ ਸਿੰਘ ਲਾਲਪੁਰਾ,ਜਰਨੈਲ ਸਿੰਘ ਔਲਖ ਸਾਬਕਾ ਐਸਜੀਪੀਸੀ ਮੈਂਬਰ,ਪਰਮਜੀਤ ਸਿੰਘ ਅਬਿਆਣਾ,ਭਗਤ ਸਿੰਘ ਚਨੌਲੀ,ਮਲਕੀਤ ਸਿੰਘ ਛੱਜਾ,ਜਗਬੀਰ ਸਿੰਘ ਸ਼ਾਹਪੁਰ ਬੇਲਾ,ਸਰਪੰਚ ਹਿੰਮਤ ਸਿੰਘ ਸ਼ਾਹਪੁਰ ਬੇਲਾ, ਅਜ਼ਿਵੰਦਰ ਸਿੰਘ ਬੇਈਂਹਾਰਾ,ਸ਼ਮਸ਼ੇਰ ਸਿੰਘ ਡੂਮੇਵਾਲ,ਹਰਨੇਕ ਸਿੰਘ ਢੋਲਣਵਾਲ,ਸ਼ਿਵਚਰਨ ਸਿੰਘ ਸਹਾਇਕ ਮੈਨੇਜਰ ਨਾਢਾ ਸਾਹਿਬ ਅਤੇ ਇੰਚਾਰਜ ਬਲਜ਼ਿੰਦਰ ਸਿੰਘ ਗੁਰਦੁਆਰਾ ਮਾਨਕ ਟਬਰਾ ਸਾਹਿਬ ਸਮੇਤ ਵੱਡੀ ਗਿਣਤੀ ਵਿੱਚ ਸ਼ਖਸੀਅਤਾਂ ਅਤੇ ਸਿੱਖ ਸੰਗਤਾਂ ਹਾਜ਼ਰ ਸਨ ਗੁਰੂ ਕਾ ਲੰਗਰ ਅਤੁਟ ਵਰਤਿਆ ਇਸ ਸਮੇਂ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ ਅਤੇ ਖੂਨਦਾਨ ਕੈਂਪ ਭਾਰਤੀ ਕਿਸਾਨ ਯੂਨੀਅਨ ਦੁਆਬਾ ਵੱਲੋਂ ਲਗਾਇਆ ਗਿਆ ਜਿਸ ਵਿੱਚ 65 ਵਿਅਕਤੀਆਂ ਨੇ ਸਵੈ ਇੱਛਾ ਅਨੁਸਾਰ ਖੂਨ ਦਾਨ ਕੀਤਾ ਜਥੇਦਾਰ ਦਾਦੂਵਾਲ ਜੀ ਨੇ ਆਈਆਂ ਸ਼ਖਸ਼ੀਅਤਾਂ ਅਤੇ ਸ਼ਹੀਦ ਪਰਿਵਾਰਾਂ ਨੂੰ ਸਿਰਪਾਓ ਭੇਂਟ ਕਰਕੇ ਸਨਮਾਨਿਤ ਕੀਤਾ। ••

### ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ

# ਘੱਗਰ ਨੂੰ ਚੌੜਾ ਕਰਨ ਸਬੰਧੀ ਮੁਸ਼ਕਲ ਦੇ ਹੱਲ ਲਈ ਅਪੀਲ





**ਮੂਨਕ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਕੈਬਨਿਟ ਮੰਤਰੀ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਮਕਰੌੜ ਸਾਹਿਬ ਵਿਖੇ ਰਾਜਪਾਲ, ਪੰਜਾਬ, ਸ਼੍ਰੀ ਗੁਲਾਬ ਚੰਦ ਕਟਾਰੀਆ ਦੇ ਦੌਰੇ ਦੌਰਾਨ ਹਰਿਆਣਾ ਵੱਲੋਂ ਸੁਪਰੀਮ ਕੋਰਟ ਵਿੱਚ ਪਟੀਸ਼ਨ ਪਾਉਣ ਅਤੇ ਘੱਗਰ ਸਟੈਂਡਿੰਗ ਕਮੇਟੀ ਕੋਲ ਇਤਰਾਜ਼ ਲਾਉਣ ਕਾਰਨ ਮਕਰੌੜ ਸਾਹਿਬ ਤੋਂ ਅੱਗੇ ਕੜੈਲ ਤਕ ਪੰਜਾਬ ਵਿੱਚ ਘੱਗਰ ਦਰਿਆ ਨੂੰ ਚੌੜਾ ਕਰਨ ਉੱਤੇ ਲੱਗੀ ਰੋਕ ਕਾਰਨ ਬਣੀ ਸੰਭਾਵੀ ਹੜ੍ਹਾਂ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ ਅਤੇ ਇਹ ਮੁਸ਼ਕਲ ਹੱਲ ਕਰਵਾਉਣ ਦੀ ਅਪੀਲ ਕੀਤੀ। ਇਸ ਦੇ ਸਬੰਧ ਵਿੱਚ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਘੱਗਰ ਦਰਿਆ ਦੀ ਸਮੱਸਿਆ ਦੇ ਹੱਲ ਲਈ ਪੰਜਾਬ ਅਤੇ ਹਰਿਆਣਾ, ਦੋਵੇਂ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਕਰਵਾਉਣਗੇ ਕਿਉਂਕਿ ਘੱਗਰ ਦੀ ਮਾਰ ਦੋਵੇਂ ਸੂਬਿਆਂ ਨੂੰ ਪੈਂਦੀ ਹੈ।

**ਕਿਹਾ; ਪੰਜਾਬ ਨੂੰ ਆਪਣੇ ਖੇਤਰ ਵਿੱਚ ਦਰਿਆ ਚੌੜਾ ਕਰਨ ਦਿੱਤਾ ਜਾਵੇ ਅਤੇ ਹਰਿਆਣਾ ਆਪਣੇ ਖੇਤਰ ਵਿੱਚ ਇਸ ਦਰਿਆ ਨੂੰ ਚੈਨਲਾਈਜ਼ ਕਰੇ**

ਇਸ ਮੌਕੇ ਮੀਡੀਆ ਨਾਲ ਗੱਲਬਾਤ ਦੌਰਾਨ ਕੈਬਨਿਟ ਮੰਤਰੀ ਨੇ ਦੱਸਿਆ ਕਿ ਉਹਨਾਂ ਨੇ ਰਾਜਪਾਲ ਸ਼੍ਰੀ ਕਟਾਰੀਆ ਨੂੰ ਬੇਨਤੀ ਕੀਤੀ ਹੈ ਕਿ ਇਸ ਮੁਸ਼ਕਲ ਦੇ ਹੱਲ ਲਈ ਹਰਿਆਣਾ ਨੂੰ ਕਿਹਾ ਜਾਵੇ ਕਿ ਪੰਜਾਬ ਨੂੰ ਆਪਣੇ ਖੇਤਰ ਵਿੱਚ ਦਰਿਆ ਚੌੜਾ ਕਰਨ ਦਿੱਤਾ ਜਾਵੇ ਅਤੇ ਹਰਿਆਣਾ ਆਪਣੇ ਖੇਤਰ ਵਿੱਚ ਇਸ ਦਰਿਆ ਨੂੰ ਚੈਨਲਾਈਜ਼ ਕਰੇ ਅੱਗੇ ਰਾਜਸਥਾਨ ਨੇ ਇਸ ਦੇ ਪਾਣੀ ਨੂੰ ਇੱਕਤਰ ਕਰਨ ਲਈ ਵੱਡੇ ਵੱਡੇ ਟੈਂਕ ਬਣਾਏ ਹੋਏ ਹਨ। ਅਜਿਹਾ ਕਰਨ ਨਾਲ ਦੋਵੇਂ ਸੂਬਿਆਂ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇਤਿਹਾਸ ਵਿੱਚ ਪਹਿਲੀ ਵਾਰ ਘੱਗਰ ਦਰਿਆ ਲਗਾਤਾਰ 12 ਦਿਨ ਤੋਂ ਖਤਰੇ ਦੇ ਨਿਸ਼ਾਨ ਤੋਂ ਉੱਪਰ ਚੱਲ ਰਿਹਾ ਹੈ ਪਰ ਸਾਲ 2023 ਵਿੱਚ ਪੰਜਾਬ ਸਰਕਾਰ ਵੱਲੋਂ ਕੀਤੀ ਇਸ ਦੇ ਬੰਨ੍ਹਾਂ ਦੀ ਮਜ਼ਬੂਤੀ ਸਦਕਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੇ ਸਥਾਨਕ ਲੋਕਾਂ ਦੇ ਸਹਿਯੋਗ ਸਦਕਾ ਇਹ ਦਰਿਆ ਸੰਗਰੂਰ ਜ਼ਿਲ੍ਹੇ ਵਿੱਚ ਮਾਰ ਨਹੀਂ ਕਰ ਸਕਿਆ। ਪੰਜਾਬ ਸਰਕਾਰ ਵੱਲੋਂ ਇਸ ਦੇ ਬੰਨ੍ਹਾਂ ਵਿੱਚ ਪਾੜ ਪੈਣ ਤੋਂ ਬਚਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਗਈ ਅਤੇ ਹੁਣ ਇਸ ਦਾ ਪਾਣੀ ਲਗਾਤਾਰ ਘਟ ਰਿਹਾ ਹੈ। ਜਿਹੜੇ ਪਾਣੀ ਦਾ ਪੱਧਰ ਪਿਛਲੇ 12 ਦਿਨ ਤੋਂ ਕਰੀਬ 750.7 ਫੁੱਟ ਰਿਹਾ ਅੱਜ 749.4 ਫੁੱਟ 'ਤੇ ਆ ਗਿਆ ਹੈ ਤੇ ਭਲਕੇ ਤਕ ਖਤਰੇ ਦੇ ਨਿਸ਼ਾਨ 748 ਫੁੱਟ ਤੇ ਉਸ ਤੋਂ ਬਾਅਦ ਹੋਰ ਥੱਲੇ ਆ ਜਾਵੇਗਾ।

ਸ਼੍ਰੀ ਗੋਇਲ ਨੇ ਕਿਹਾ ਕਿ ਜਦੋਂ ਤੱਕ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਤੋਂ ਹੇਠਾਂ ਨਹੀਂ ਆ ਜਾਂਦਾ ਉਦੋਂ ਤੱਕ ਬੰਨ੍ਹਾਂ ਨੂੰ ਮਜ਼ਬੂਤ ਕਰਨ ਦਾ ਕੰਮ ਇਸੇ ਤਰ੍ਹਾਂ ਚਾਲੂ ਰਹੇਗਾ। ਉਹਨਾਂ ਕੰਮ ਕਰ ਰਹੇ ਸਥਾਨਕ ਲੋਕਾਂ ਦੀ ਸੇਵਾ ਦੀ ਸ਼ਲਾਘਾ ਕੀਤੀ। ਉਹਨਾਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਅਵੇਸਲੇ ਨਾ ਹੋਣ ਸਗੋਂ ਦਰਿਆ ਉੱਤੇ ਚੱਲ ਰਹੇ ਹਰ ਤਰ੍ਹਾਂ ਦੇ ਕੰਮ ਦੀ ਖੁਦ ਵੀ ਨਿਗਰਾਨੀ ਕਰਨ।

ਇਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ, ਵਧੀਕ ਡਿਪਟੀ ਕਮਿਸ਼ਨਰ ਸ਼੍ਰੀ ਅਮਿਤ ਬੈਂਬੀ, ਜ਼ਿਲ੍ਹਾ ਪੁਲਿਸ ਮੁਖੀ ਸ਼੍ਰੀ ਸਰਤਾਜ ਸਿੰਘ ਚਾਹਲ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਪਿੰਡਾਂ ਦੇ ਲੋਕ ਹਾਜ਼ਰ ਸਨ।

### ਬਹੁਜਨ ਮੁਕਤੀ ਪਾਰਟੀ ਦੀ ਮੀਟਿੰਗ ਹੋਈ

# ਨਵੇਂ ਅਹੁਦੇਦਾਰਾਂ ਦੀ ਹੋਈ ਚੋਣ



**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਗੁਰੂ ਰਵਿਦਾਸ ਗੁਰਦੁਆਰਾ, ਅੰਬੇਡਕਰ ਨਗਰ, ਸੰਗਰੂਰ ਵਿਖੇ ਇੱਕ ਅਹਿਮ ਮੀਟਿੰਗ ਮਾਨਯੋਗ ਚਰਨ ਸਿੰਘ ਚੱਠਾ ਸੂਬਾ ਮੀਤ ਪ੍ਰਧਾਨ, ਬਹੁਜਨ ਮੁਕਤੀ ਪਾਰਟੀ, ਪੰਜਾਬ ਦੀ ਪ੍ਰਧਾਨਗੀ ਹੇਠ ਕੀਤੀ ਗਈ ਇਸ ਮੀਟਿੰਗ ਵਿੱਚ ਮੁੱਖ ਮਹਿਮਾਨ ਸਰਦਾਰ ਸਿਕੰਦਰ ਸਿੰਘ ਸਿੱਧੂ ਕਾਰਜਕਾਰੀ ਪ੍ਰਧਾਨ, ਬਹੁਜਨ ਮੁਕਤੀ ਪਾਰਟੀ, ਪੰਜਾਬ ਪਹੁੰਚੇ ਅਤੇ ਸੂਬਾ ਵਾਇਸ ਪ੍ਰਧਾਨ ( ਵੂਮਨ ਸੈਲ ) ਬਹੁਜਨ ਮੁਕਤੀ ਪਾਰਟੀ ਹਰਪ੍ਰੀਤ ਕੌਰ ਧੂਰੀ ਵਿਸ਼ੇਸ਼ ਮਹਿਮਾਨ ਵਜੋਂ ਮੀਟਿੰਗ ਵਿੱਚ ਹਾਜ਼ਰੀ ਲਗਵਾਈ। ਡਾ. ਸੁਖਜਿੰਦਰ ਗਾਗੋਵਾਲੀਆ, ਸੂਬਾ ਮੀਤ ਪ੍ਰਧਾਨ (ਯੂਥ ਵਿੰਗ) ਬਹੁਜਨ ਮੁਕਤੀ ਪਾਰਟੀ, ਪੰਜਾਬ ਨੇ ਦੱਸਿਆ ਇਸ ਮੀਟਿੰਗ ਦਾ ਮੁੱਖ ਮਕਸਦ ਮੂਲਨਿਵਾਸੀ ਬਹੁਜਨ ਸਮਾਜ ਦੇ ਮੌਲਿਕ ਅਤੇ ਸਵਿਧਾਨਿਕ ਹੱਕ- ਅਧਿਕਾਰਾਂ ਲਈ ਅਤੇ ਉਹਨਾਂ ਉੱਪਰ ਹੋ ਰਹੇ ਅਨਿਆ- ਅੱਤਿਆਚਾਰਾਂ ਦੇ ਵਿਰੋਧ ਵਿੱਚ ਜਨਤਿਕ ਰੋਸ ਰੈਲੀ ਅਤੇ ਚਰਨਵੱਧ ਅੰਦੋਲਨ 17 ਸਤੰਬਰ 2025 ਜ਼ਿਲ੍ਹਾ ਹੈਡ ਕੁਆਰਟਰ ਤੇ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ। ਸਰਦਾਰ ਸਿਕੰਦਰ ਸਿੰਘ ਸਿੱਧੂ ਜੀ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਦੱਸਿਆ ਕਿ ਦੇਸ਼ ਵਿੱਚ ਸਾਰੀਆਂ ਸਮੱਸਿਆਵਾਂ ਦੀ ਜੜ ਈਵੀਐਮ ਮਸ਼ੀਨਾਂ ਹਨ ਈ ਵੀ ਮਸ਼ੀਨਾਂ ਨੂੰ ਬੈਨ ਕਰਾ ਕੇ ਚੋਣਾਂ ਬੈਲਟ ਪੇਪਰ ਨਾਲ ਹੋਣੀਆ ਚਾਹੀਦੀਆਂ ਹਨ ਅਤੇ ਦੇਸ਼ ਦੇ ਵਿੱਚ ਓ ਬੀ ਸੀ ਦੀ ਜਾਤੀ ਆਧਾਰਿਤ ਜਨਗਣਨਾ ਅਤੇ ਸਾਰੀਆਂ ਜਾਤੀਆਂ ਦੀ ਜਨਗਣਨਾ ਹੋਣੀ ਚਾਹੀਦੀ ਹੈ। ਹਰਪ੍ਰੀਤ ਕੌਰ ਧੂਰੀ ਨੇ ਆਪਣੇ ਵਿਚਾਰਾਂ ਵਿੱਚ ਪੰਜਾਬ ਦੇ ਮੌਜੂਦਾ ਹਾਲਾਤਾਂ ਤੇ ਚਾਨਣਾ ਪਾਇਆ ਕਿ ਅੱਜ ਪੰਜਾਬ ਵਿੱਚ ਹੜਾਂ ਕਾਰਨ ਪੰਜਾਬ ਦੀ ਸਥਿਤੀ ਬਹੁਤ ਨਾਜ਼ੁਕ ਬਣੀ ਹੋਈ ਹੈ ਇਸ ਬਾਰੇ ਪੰਜਾਬ ਸਰਕਾਰ ਅਤੇ ਸੈਂਟਰ ਸਰਕਾਰ ਨੂੰ ਪੀੜਤ ਲੋਕਾਂ ਦੀ ਬਾਂਹ ਫੜਨ ਦੀ ਲੋੜ ਹੈ ਉਹਨਾਂ ਤੋਂ ਇਲਾਵਾ ਪਰਮਜੀਤ ਸਿੰਘ ਪੰਮਾ, ਸੂਬਾ ਮੀਤ ਪ੍ਰਧਾਨ, ਭਾਰਤ ਮੁਕਤੀ ਮੋਰਚਾ, ਪੰਜਾਬ , ਪ੍ਰੇਮ ਸਿੰਘ ਸੁਨਾਮ, ਗੁਰਮੇਲ ਸਿੰਘ ਮੇਲਾ, ਚਰਨ ਸਿੰਘ ਚੱਠਾ ਨੇ ਵੀ ਆਪਣੇ ਆਪਣੇ ਵਿਚਾਰ ਰੱਖੇ ਅਤੇ ਮੀਟਿੰਗ ਵਿੱਚ ਬਲਵੰਤ ਸਿੰਘ ਸੁਨਾਮ ,ਗਗਨਦੀਪ ਸਿੰਘ, ਬਹਾਦਰ ਸਿੰਘ ਚੱਠੇ, ਲਾਲਾ ਸਿੰਘ ਚੱਠੇ, ਰਾਮ ਸਿੰਘ, ਭੋਲਾ ਸਿੰਘ ਸੂਲਰ-ਘਰਾਟ, ਜਗਤਾਰ ਸਿੰਘ ਗੋਗੀ, ਆਦੀ ਵੱਡੀ ਗਿਣਤੀ ਵਿੱਚ ਸਾਥੀਆਂ ਨੇ ਹਾਜ਼ਰੀ ਲਗਵਾਈ। ਮੀਟਿੰਗ ਉਪਰੰਤ ਬਹੁਜਨ ਮੁਕਤੀ ਪਾਰਟੀਆਂ ਵਿੱਚ ਨਵੀਆਂ ਅਹੁਦੇਦਾਰੀਆਂ ਦਿੱਤੀਆਂ ਗਈਆਂ। ਜਿਸ ਵਿੱਚ ਪ੍ਰੇਮ ਸਿੰਘ ਸੁਨਾਮ, ਜਿਲਾ ਪ੍ਰਧਾਨ, ਬਹੁਜਨ ਮੁਕਤੀ ਪਾਰਟੀ, ਸੰਗਰੂਰ, ਮਨਜੀਤ ਕੌਰ ਸੁਨਾਮ, ਪ੍ਰਧਾਨ, ਬਹੁਜਨ ਮੁਕਤੀ ਪਾਰਟੀ, ਤਹਿਸ਼ੀਲ ,ਸੁਨਾਮ,ਸਤਿੰਦਰ ਕੌਰ ਧੂਰੀ ਪ੍ਰਧਾਨ ,ਬਹੁਜਨ ਮੁਕਤੀ ਪਾਰਟੀ, ਤਹਿਸ਼ੀਲ ,ਅਮਨਜੋਤ ਸਿੰਘ ਧੂਰੀ ਵਿਧਾਨ ਸਭਾ ਹਲਕਾ ਇੰਚਾਰਜ, ਬਹੁਜਨ ਮੁਕਤੀ ਪਾਰਟੀ, ਧੂਰੀ, ਗੁਰਮੇਲ ਸਿੰਘ ਮੇਲਾ ਉਗਰਾਹਾ, ਵਿਧਾਨ ਸਭਾ ਹਲਕਾ ਇੰਚਾਰਜ ,ਬਹੁਜਨ ਮੁਕਤੀ ਪਾਰਟੀ, ਦਿੜਬਾ, ਸਤਿਨਾਮ ਸਿੰਘ ਸੁਨਾਮ ,ਪ੍ਰਧਾਨ, ਬਹੁਜਨ ਮੁਕਤੀ ਪਾਰਟੀ, ਤਹਿਸੀਲ,ਸੁਨਾਮ,ਹਰਪ੍ਰੀਤ ਕੌਰ ਸਾਹੋਕੇ,ਪ੍ਰਧਾਨ, ਬਹੁਜਨ ਮੁਕਤੀ ਪਾਰਟੀ, ਪਿੰਡ ਸਾਹੋਕੇ,ਧੀਰ ਸਿੰਘ ਲੌਂਗੋਵਾਲ, ਜ਼ਿਲਾ ਪ੍ਰਧਾਨ (ਯੂਥ ਵਿੰਗ) ਬਹੁਜਨ ਮੁਕਤੀ ਪਾਰਟੀ, ਸੰਗਰੂਰ ਅਹੁਦੇਦਾਰ ਚੁਣੇ ਗਏ।

## 27 ਸਤੰਬਰ ਦਿਨ ਸ਼ਨੀਵਾਰ ਅਮਰੀਕਾ ਦੀ ਕੈਲੇਫੋਨੀਆ ਸਟੇਟ ਦੇ ਸ਼ਹਿਰ ਸਟਾਕਟਨ ਵਿਖੇ ਸ਼ਹੀਦ ਸਿਰਦਾਰ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਸੰਗਤ ਜੁੜੇਗੀ




**ਕੈਲੀਫੋਰਨੀਆਂ, 13 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਹੋਈ ਨੂੰ ਤੀਹ ਵਰੇ ਬੀਤ ਗਏ ।ਇੱਕ ਪਾਸੇ ਖਾਲੜਾ ਸਾਹਿਬ ਨੂੰ ਸਰੀਰਕ ਤੌਰ'ਤੇ ਮਿਟਾਉਣ ਦੇ ਦੋਸ਼ੀ ਸੂਬੇ ਸਰਹੰਦ ਵਰਗੇ ਜਲਾਲਤ ਅਤੇ ਨਰਕ ਭਰੀ ਜ਼ਿੰਦਗੀ ਦੇ ਮੁਹਤਾਜ ਹਨ ।ਦੂਜੇ ਪਾਸੇ ਖਾਲੜਾ ਸਾਹਿਬ ਦੀ ਸ਼ਖਸੀਅਤ ਪਿੰਡ ,ਸ਼ਹਿਰ ,ਸੂਬੇ ਅਤੇ ਦੇਸ਼ਾਂ ਦੀਆਂ ਹੱਦਾਂ ਪਾਰ ਕਰਕੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੇ ਆਗੂ ਵਜੋ ਦਿਨੋ-ਦਿਨ ਬੁਲੰਦ ਹੋ ਰਹੀ ਹੈ ।ਇਸ ਸਾਲ ਉਹਨਾਂ ਦੀ ਤੀਹਵੀਂ ਬਰਸੀ ਦੇ ਸਬੰਧ ਵਿੱਚ ਦੁਨੀਆਂ ਭਰ ਦੇ ਵੱਖ-ਵੱਖ ਦੇਸ਼ਾਂ ਵਿੱਚ ਸਮਾਗਮ ਕੀਤੇ ਜਾ ਰਹੇ ਹਨ ,ਇਸ ਤੋਂ ਇਲਾਵਾ ਵੱਖ-ਵੱਖ ਦੇਸ਼ਾਂ ਦੀਆਂ ਪਾਰਲੀਮੈਂਟਾਂ ਵਿੱਚ ਉਹਨਾਂ ਦੀ ਯਾਦ ਨੂੰ ਤਾਜ਼ਾ ਕਰਦੇ ਹੋਏ ਉਹਨਾਂ ਦੀ ਸ਼ਹਾਦਤ ਪ੍ਰਤੀ ਭਾਵ-ਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ ।ਵੱਖ-ਵੱਖ ਦੇਸ਼ਾਂ ਵਿੱਚ ਉਹਨਾਂ ਦੇ ਨਾਮ ਉੱਪਰ ਪਾਰਕਾਂ ਦੇ ਨਾਮ ਰੱਖੇ ਗਏ ਹਨ ।ਅਮਰੀਕਾ ਦੀ ਸਟੇਟ ਕੈਲੇਫੋਨੀਆ ਵਿੱਚ ਇੱਕ ਸਕੂਲ ਨੂੰ ਉਹਨਾਂ ਦਾ ਨਾਮ ਦੇ ਕੇ ਸਮਰਪਿਤ ਕੀਤਾ ਗਿਆ ।ਸਿੱਖ ਕੌਮ ਲਈ ਇਹ ਵੱਡੇ ਮਾਣ ਦੀ ਗੱਲ ਹੈ ਕਿ ਉਸਦੇ ਇਸ ਸੂਰਬੀਰ ਪੁੱਤਰ ਵਲੋ ਮਨੁੱਖਤਾ ਲਈ ਕੀਤੇ ਕਰਮਾਂ ਦੀ ਖੁਸ਼ਬੂ ਪੂਰੀ ਦੁਨੀਆ ਵਿੱਚ ਫੈਲ ਰਹੀ ਹੈ ।ਸਾਡਾ ਅਗਲਾ ਯਤਨ ਇਹ ਹੋਣਾ ਚਾਹੀਦਾ ਕਿ ਯੂ.ਐਨਾ.ਓ. ਵੱਲੋਂ ਉਹਨਾਂ ਦੀ ਯਾਦ ਵਿੱਚ 6 ਸਤੰਬਰ ਦੇ ਦਿਹਾੜੇ ਨੂੰ ਮਨੁੱਖੀ ਅਧਿਕਾਰ ਕਾਰਕੁੰਨਾਂ ਦੀ ਯਾਦ ਵਜੋਂ ਵਿਸ਼ੇਸ਼ ਦਿਹਾੜਾ ਐਲਾਨ ਕੀਤਾ ਜਾਵੇ ।ਆਓ 27 ਸਤੰਬਰ ਨੂੰ ਦੋਸਤਾਂ-ਮਿੱਤਰਾਂ ਦੀ ਸੰਗਤ ਸਮੇਤ ਸਟਾਕਟਨ ਵਿਖੇ ਖਾਲੜਾ ਸਾਹਿਬ ਦੀ ਯਾਦ ਵਿੱਚ ਜੁੜ ਬੈਠਣ ਦਾ ਸੁਭਾਗ ਪ੍ਰਾਪਤ ਕਰੀਏ!


## ਸੱਤਿਆ ਐਲੀਮੈਂਟਰੀ ਸਕੂਲ ਭੱਟੀ ਕੇ ਮੁੱਫਤ ਮੈਡੀਕਲ ਚੈੱਕਅੱਪ ਕੈਪ ਲਾਇਆ ਗਿਆ



**ਚੌਂਕ ਮਹਿਤਾ, 13 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸੱਤਿਆ ਐਲੀਮੈਂਟਰੀ ਸਕੂਲ ਭੱਟੀਕੇ ਸਕੂਲ ਦੀ ਮੁੱਖ ਆਧਿਆਕਾ ਦੀ ਅਗਵਾਈ ਹੇਠ ਬੱਚਿਆਂ ਨੂੰ ਚੈੱਕਅੱਪ ਕੈਪ ਲਾਇਆ ਗਿਆ ਜਿਸ ਵਿੱਚ ਤੇਜਾ ਰਸੀਲਾ ਚੈਰੀਟੇਬਲ ਹਸਪਤਾਲ ਦੀ ਸੈਦਪੁਰ ਦੀ ਅਤੇ ਡਾਕਟਰਾ ਦੀ ਮਾਹਰ ਟੀਮ ਡਾ, ਸਾਖਸੀ ਅਗਵਾਈ ਹੇਠ ਬੱਚਿਆਂ ਦਾ ਚੈੱਕਅੱਪ ਕੀਤਾ ਬੱਚਿਆਂ ਨੂੰ ਦੱਸਿਆ ਕਿ ਆਪਣੇ ਸਰੀਰ ਦੀ ਸਫਾਈ ਧਿਆਨ ਰੱਖਿਆ ਜਾਵੇ। ਜਿਸ ਡਾ, ਨੇ ਬੱਚਿਆਂ ਨੂੰ ਕਿਹਾ ਕਿ ਆਪਣੇ ਖਾਣ ਪੀਣ ਵਾਲੀਆਂ ਚੀਜ਼ਾਂ ਦਾ ਕਰਕੇ ਖਿਆਲ ਰੱਖਿਆ ਜਾਵੇ, ਆਪਣੇ ਘਰ ਦਾ ਖਾਣਾ ਸੁੱਧ ਖਾਣਾ ਖਾਧਾ ਜਾਵੇ। ਆਪਣੇ ਹੱਥਾਂ ਨੂੰ ਸਾਬਣ ਨਾਲ ਵਾਰ ਵਾਰ ਧੋਤਾ ਜਾਵੇ। ਬਾਜਾਰ ਖਾਣੇ ਦਾ ਪਰਹੇਜ ਕੀਤਾ ਜਾਵੇ। ਆਏ ਡਾਕਟਰਾ ਮੁੱਖ ਅਧਿਆਪਕ ਅਤੇ ਸਟਾਫ ਵੱਲੋਂ ਧੰਨਵਾਦ ਕੀਤੀ ਗਿਆ।

ਜੋੜ ਮੇਲੇ 'ਤੇ ਵਿਸ਼ੇਸ਼

# ਜੋੜ ਮੇਲਾ ਬਾਬਾ ਭਾਈ ਬਹਿਲੋ ਜੀ




ਗੁਰੂਆਂ,ਪੀਰਾਂ,ਫ਼ਕੀਰਾਂ,ਯੋਧਿਆਂ ਅਤੇ ਸ਼ਹੀਦਾਂ ਦੁਆਰਾ ਧਰਮ, ਸਮਾਜ ਅਤੇ ਦੇਸ਼ ਲਈ ਕੀਤੇ ਅਨਮੋਲ ਕੰਮਾਂ ਅਤੇ ਦਿੱਤੀਆਂ ਕੁਰਬਾਨੀਆਂ ਸਦਕਾ,ਉਨ੍ਹਾਂ ਦੀ ਯਾਦ ਨੂੰ ਸਮੱਰਪਿਤ ਪੂਰੇ ਪੰਜਾਬ ਵਿੱਚ ਸਾਰਾ ਸਾਲ ਜੋੜ ਮੇਲੇ ਲੱਗਦੇ ਰਹਿੰਦੇ ਹਨ। ਮਾਨਸਾ ਜਿਲ੍ਹੇ ਦੇ ਮਸ਼ਹੂਰ ਪਿੰਡ ਫ਼ਫੜੇ ਭਾਈ ਕੇ ਵਿੱਚ ਵੀ ਬਾਬਾ ਭਾਈ ਬਹਿਲੋ ਦੀ ਯਾਦ ਵਿੱਚ ਹਰ ਸਾਲ ਸ਼ਰਾਧਾਂ ਦੀ ਅੱਠੇਂ,ਨੌਵੀਂ,ਦਸਵੀਂ ਨੂੰ ਭਾਰੀ ਜੋੜ ਮੇਲਾ ਲੱਗਦਾ ਹੈ।

ਭਾਈ ਬਹਿਲੋ ਜੀ ਦਾ ਜਨਮ 1610 ਬਿ:(ਸਾਰੇ ਇਤਿਹਾਸਕਾਰ ਇਸ ਵਾਰੇ ਇੱਕਮੱਤ ਨਹੀਂ) ਨੂੰ ਪਿੰਡ ਫ਼ਫੜੇ ਵਿਖੇ ਪਿਤਾ ਅਲਦਿੱਤ ਚੌਧਰੀ ਅਤੇ ਮਾਤਾ ਗਾਗ(ਗਾਗਰੀ)ਦੇ ਘਰ ਹੋਇਆ।ਆਪ ਜੀ ਦਾ ਘਰੇਲੂ ਨਾਂ ਬਹਿਲੋਲ ਸੀ।ਉਸ ਸਮੇਂ ਪੂਰੇ ਪੰਜਾਬ (ਚੜ੍ਹਦੇ-ਲਹਿੰਦੇ) ਵਿੱਚ ਇੱਕ ਮੁਸਲਮਾਨ ਸੂਫ਼ੀ ਫ਼ਕੀਰ ਸਖੀ ਸਰਵਰ,ਜਿਸ ਨੂੰ ਹੋਰ ਕਈ ਨਾਂਵਾਂ:-ਸਖੀ ਸੁਲਤਾਨ,ਲਾਲਾਂ ਵਾਲਾ ਪੀਰ,ਲੱਖਦਾਤਾ,ਪੀਰ ਨਿਗਾਹੇ ਵਾਲਾ ਆਦਿ ਨਾਲ ਅੱਜ ਵੀ ਜਾਣਿਆ ਜਾਂਦਾ ਹੈ,ਦੇ ਸ਼ਰਧਾਲੂਆਂ ਦਾ ਬੋਲਬਾਲਾ ਸੀ।ਹਾਲਾਂਕਿ ਸਖੀ ਸਰਵਰ ਦੀ ਮੌਤ 1310ਈ: ਵਿੱਚ ਹੋ ਚੁੱਕੀ ਸੀ ਪਰ ਉਸ ਨੂੰ ਮੰਨਣ ਵਾਲਿਆਂ(ਸਰਵਰੀਆਂ) ਦਾ ਵੱਡਾ ਵਰਗ ਮੌਜੂਦ ਸੀ ਅਤੇ ਭਾਈ ਬਹਿਲੋ ਜੀ ਦਾ ਪਰਿਵਾਰ ਵੀ ਉਨ੍ਹਾਂ 'ਚੋਂ ਇੱਕ ਸੀ।ਭਾਈ ਬਹਿਲੋ ਜੀ ਦੇ ਪਿਤਾ ਜੀ ਮਾਲਵਾ ਇਲਾਕੇ 'ਚੋ ਵੱਡਾ ਜਥਾ ਲੈਕੇ ਹਰ ਸਾਲ ਪੀਰ ਨਿਗਾਹੇ ਸਖੀ ਸਰਵਰ ਦੀ ਮਜ਼ਾਰ 'ਤੇ ਭਗਤੀ ਲਈ ਜਾਂਦੇ ਸਨ ਜਿਸ ਸਦਕਾ ਇਲਾਕੇ ਵਿੱਚ ਉਹਨਾਂ ਦੀ ਪੂਰੀ ਚੜ੍ਹਤ ਸੀ ਅਤੇ ਸਰਵਰੀਆਂ ਵੱਲੋਂ ਉਨ੍ਹਾਂ ਨੂੰ ਚੌਧਰੀ ਦਾ ਖ਼ਿਤਾਬ ਦਿੱਤਾ ਹੋਇਆ ਸੀ।ਪਰਿਵਾਰ ਦੀ ਰੀਤ ਮੁਤਾਬਕ ਭਾਈ ਬਹਿਲੋ ਵੀ ਸਖੀ ਸਰਵਰ ਦੇ ਉਪਾਸਕ ਬਣ ਗਏ ਅਤੇ ਵੱਡੇ ਹੋਕੇ ਪੀਰ ਨਿਗਾਹੇ ਜਾਣ ਵਾਲੇ ਜਥਿਆਂ ਦੀ ਅਗਵਾਈ ਕਰਨ ਲੱਗ ਪਏ।

ਮਾਨਤਾ ਹੈ ਕਿ ਜਦੋਂ ਉਨ੍ਹਾਂ ਦੀ ਪ੍ਰਸਿੱਧੀ ਅਤੇ ਸਖੀ ਸਰਵਰ ਦੇ ਉਪਾਸਕ ਹੋਣ ਦੇ ਕਿੱਸੇ ਪੰਜਵੇਂ ਗੁਰੂ ਅਰਜਨ ਦੇਵ ਜੀ ਕੋਲ ਪਹੁੰਚੇ ਤਾਂ ਉਨ੍ਹਾਂ ਨੂੰ ਭਾਈ ਬਹਿਲੋ ਵਿੱਚੋਂ ਆਪਣੇ ਭਟਕੇ ਹੋਏ ਸੇਵਕ ਦਾ ਅਕਸ ਵਿਖਾਈ ਦਿੱਤਾ ਅਤੇ ਉਨ੍ਹਾਂ ਬੰਦੇ ਭੇਜ ਕੇ ਭਾਈ ਬਹਿਲੋ ਜੀ ਨੂੰ ਆਪਣੇ ਕੋਲ ਬੁਲਾਇਆ। ਇੱਕ ਮਾਨਤਾ ਇਹ ਵੀ ਹੈ ਕਿ ਇਕ ਵਾਰ ਪੀਰ ਨਿਗਾਹੇ ਜਾਂਦਿਆਂ ਭਾਈ ਬਹਿਲੋ ਜੀ ਨੂੰ ਗੁਰੂ ਜੀ ਦੇ ਦਰਸ਼ਨਾਂ ਦੀ ਤਲਬ ਹੋਈ ਅਤੇ ਉਹ ਸਰਵਰੀਆ ਵੇਸ ਤਿਆਗ ਅਮ੍ਰਿਤਸਰ ਸਾਹਿਬ ਗੁਰੂ ਅਰਜਨ ਦੇਵ ਜੀ ਦੀ ਸ਼ਰਨ 'ਚ ਪਹੁੰਚ ਗਏ। ਉਹ ਪੱਕੇ ਤੌਰ 'ਤੇ ਉੱਥੇ ਰਹਿ ਹਰਮਿੰਦਰ ਸਾਹਿਬ ਦੀ ਕਾਰ ਸੇਵਾ ਵਿੱਚ ਲੱਗ ਗਏ ਅਤੇ ਉਨ੍ਹਾਂ ਬਾਰਾਂ ਸਾਲ ਤੱਕ ਪੂਰੇ ਤਨ-ਮਨ-ਧਨ ਨਾਲ ਸਰੋਵਰ ਪੱਕਾ ਕਰਨ ਦੀ ਸੇਵਾ ਕੀਤੀ।ਉਨ੍ਹਾਂ ਦੀ ਸਮੱਰਪਣ ਭਾਵਨਾ ਤੋਂ ਖੁਸ਼ ਹੋ ਗੁਰੂ ਜੀ ਨੇ ਇਕ ਦਿਨ ਭਾਈ ਬਹਿਲੋ ਨੂੰ ਆਪਣੇ ਕੋਲ ਬੁਲਾਇਆ ਤੇ ਖੁਸ਼ ਹੁੰਦਿਆ ਕਿਹਾ ਕਿ ਤੁਹਾਡੀ ਸੇਵਾ ਸਫਲ ਹੋ ਗਈ ਹੈ।ਉਨ੍ਹਾਂ ਭਾਈ ਬਹਿਲੋ ਨੂੰ 'ਭਾਈ ਬਹਿਲੋ ਸਭ ਤੋਂ ਪਹਿਲੋ' ਦਾ ਨਾਮ ਦਾਨ ਬਖਸ਼ ਹੁਕਮ ਸੁਣਾਇਆ ਕਿ ਆਪਣੇ ਪਿੰਡ ਫ਼ਫੜੇ ਜਾਓ ਅਤੇ ਸਿੱਖੀ ਦਾ ਪ੍ਰਚਾਰ-ਪ੍ਰਸਾਰ ਕਰੋ।ਉਹ ਪਿੰਡ ਵਾਪਸ ਆਕੇ ਗੁਰੂ ਅਰਜਨ ਦੇਵ ਜੀ ਦੇ ਬਚਨਾਂ ਨੂੰ ਪੂਰਾ ਕਰਨ ਵਿਚ ਜੁਟ ਗਏ। ਸਿੱਖੀ ਦਾ ਪ੍ਰਚਾਰ-ਪ੍ਰਸਾਰ ਕੀਤਾ ਅਤੇ ਥਾਂ-ਥਾਂ ਲੰਗਰ ਚਲਾਏ।ਉਹ ਵਿਸਾਖੀ ਆਦਿ ਖਾਸ ਮੌਕਿਆਂ 'ਤੇ ਸਿੱਖ ਸੰਗਤਾਂ ਨੂੰ ਨਾਲ ਲੈ ਗੁਰੂ ਦੇ ਦਰਸ਼ਨਾਂ ਲਈ ਜਾਂਦੇ।ਸੰਗਤ ਉਨ੍ਹਾਂ ਨੂੰ ਸਤਿਕਾਰ ਵਜੋਂ 'ਭਾਈ' ਕਹਿਕੇ ਬੁਲਾਉਣ ਲੱਗ ਪਈ ਅਤੇ ਉਨ੍ਹਾਂ ਦਾ ਪਰਿਵਾਰ ਭਾਈ ਕੇ ਵਜੋਂ ਜਾਣਿਆ ਜਾਣ ਲੱਗ ਪਿਆ ਜਿਸ ਸਦਕਾ ਉਨ੍ਹਾਂ ਦੇ ਪਿੰਡ ਫ਼ਫੜੇ ਦਾ ਨਾਂ ਵੀ ਫ਼ਫੜੇ ਭਾਈ ਕੇ ਹੋ ਗਿਆ।

ਕਈ ਦਹਾਕੇ ਸਿੱਖੀ ਸੇਵਾ ਅਤੇ ਸਿੱਖੀ ਦਾ ਪ੍ਰਚਾਰ-ਪ੍ਰਸਾਰ ਕਰਦਿਆਂ ਭਾਈ ਬਹਿਲੋ ਜੀ ਚੇਤ ਸੁਦੀ ਨੌਵੀਂ ਨੂੰ ਇਸ ਦੁਨੀਆਂ ਤੋਂ ਵਿਦਾ ਹੋ ਗਏ। 1850 ਈ: ਦੀ ਇਕ ਹੱਥ-ਲਿਖਤ ਲਿਖ਼ਾਰੀ ਪੰਜਾਬ ਸਿੰਘ ਅਨੁਸਾਰ ਭਾਈ ਬਹਿਲੋ ਜੀ ਨੇ 1660 ਵਿਕਰਮੀ ਨੂੰ ਸੰਸਾਰਿਕ ਯਾਤਰਾ ਪੂਰੀ ਕੀਤੀ।ਉਨ੍ਹਾਂ ਦੀ ਯਾਦ ਵਿੱਚ ਉਸਾਰੇ ਗਏ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹਰ ਸਾਲ ਅੱਸੂ ਵਦੀ ਅੱਠਵੀਂ-ਨੌਵੀ-ਦਸਵੀਂ ਨੂੰ ਭਾਰੀ ਜੋੜ ਮੇਲਾ ਲਗਦਾ ਹੈ ਜੋ ਇਸ ਵਾਰ 14-15-16 ਸਤੰਬਰ ਦਿਨ ਐਤਵਾਰ-ਸੋਮਵਾਰ-ਮੰਗਲਵਾਰ ਨੂੰ ਭਰ ਰਿਹਾ ਹੈ।ਇਸ ਜੋੜ ਮੇਲੇ ਮੌਕੇ ਦੂਰੋਂ-ਦੂਰੋਂ ਨਾਮ ਲੇਵਾ ਸੰਗਤ ਅਤੇ ਸ਼ਰਧਾਲੂ ਗੁਰਦੁਆਰਾ ਸਾਹਿਬ ਆਕੇ ਨਤਮਸਤਕ ਹੁੰਦੇ ਹਨ। ਬਹੁਤ ਸਾਰੇ ਪਿੰਡਾਂ ਦੇ ਕਲੱਬ ਅਤੇ ਸੰਸਥਾਵਾਂ ਦੁਆਰਾ ਪ੍ਰਸ਼ਾਦਾ,ਚਾਹ,ਪਾਣੀ, ਜਲੇਬੀਆਂ,ਪਕੌੜਿਆਂ ਆਦਿ ਦੇ ਲਗਾਏ ਲੰਗਰ ਤਿੰਨੋਂ ਦਿਨ ਅਤੁੱਟ ਵਰਤਦੇ ਹਨ। ਪਹਿਲੇ ਦਿਨ ਨਗਰ ਕੀਰਤਨ ਨਾਲ ਜੋੜ ਮੇਲੇ ਦਾ ਅਰੰਭ ਹੁੰਦਾ ਹੈ ਜੋ ਕਿ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਕੇ ਪੂਰੇ ਪਿੰਡ ਵਿੱਚ ਵੱਖ-ਵੱਖ ਪੜਾਵਾਂ 'ਤੇ ਰੁੱਕਦਾ, ਵਾਪਸ ਗੁਰਦੁਆਰਾ ਸਾਹਿਬ ਆਕੇ ਪਹੁੰਚਦਾ ਹੈ।ਦੂਜੇ-ਤੀਜੇ ਦਿਨ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਦੀ ਰਹਿਨੁਮਾਈ ਹੇਠ ਦੀਵਾਨ ਹਾਲ ਵਿੱਚ ਮਸ਼ਹੂਰ ਰਾਗੀ-ਢਾਡੀ ਜਥਿਆਂ ਵੱਲੋਂ ਧਾਰਮਿਕ ਪ੍ਰਚਾਰ ਕਰਦਿਆਂ ਵਾਰਾਂ-ਕਵਿਸ਼ਰੀ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਂਦਾ ਹੈ।ਕਈ ਧਾਰਮਿਕ ਅਤੇ ਸਿਆਸੀ ਸਖਸ਼ੀਅਤਾਂ ਇਸ ਸਮੇਂ ਹਾਜ਼ਰੀ ਭਰਦੀਆਂ ਹਨ।

ਇਸ ਮੌਕੇ ਨਗਰ ਪੰਚਾਇਤ ਵੱਲੋਂ ਪਿੰਡ ਵਾਸੀਆਂ ਦੀ ਮੱਦਦ ਨਾਲ ਸ਼ਾਨਦਾਰ ਕਬੱਡੀ ਟੂਰਨਾਮੈਂਟ ਵੀ ਕਰਵਾਇਆ ਜਾਂਦਾ ਹੈਂ ਜਿੱਥੇ ਦੇਸ਼ ਵਿਦੇਸ਼ ਤੋਂ ਨਾਮੀ ਖਿਡਾਰੀ ਅਤੇ ਕੁਮੈਂਟੇਟਰ ਸ਼ਿਰਕਤ ਕਰਦੇ ਹਨ।ਯੂਟਿਊਬ ਚੈੱਨਲਾਂ 'ਤੇ ਜੋੜ ਮੇਲਾ ਅਤੇ ਕਬੱਡੀ ਟੂਰਨਾਮੈਂਟ ਦਾ ਲਾਇਵ ਪ੍ਰਸਾਰਣ ਵੇਖਿਆ ਜਾ ਸਕਦਾ ਹੈ।

-ਰਾਵਿੰਦਰ ਫ਼ਫੜੇ

ਆਵਾਜ਼ਿ ਕੌਮ AWAZE QAUM International Newspaper & WEB TV

# ਹਰ ਸ਼ੁਕਰਵਾਰ ਡੈਂਗੂ ਤੇ ਵਾਰ -ਐਸ ਆਈ ਅਸ਼ੌਕ ਕੁਮਾਰ



**ਧੂਰੀ, ( ਰਣਜੀਤ ਸਿੰਘ ਪੇਧਨੀ )**-ਸਿਵਲ ਸਰਜਨ ਸੰਗਰੂਰ ਡਾਕਟਰ ਸੰਜੇ ਕਾਮਰਾ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਜਿਲਾਂ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾਂ ਜੀ ਅਤੇ ਡਾਕਟਰ ਰਮਨਦੀਪ ਕੌਰ ਜੀ ਅਤੇ ਐਸ ਐਮ ਓ ਸੁਦੀਪ ਸਿੱਧੂ ਜੀ ਦੀ ਯੋਗ ਅਗਵਾਈ ਅਤੇ ਅਸ਼ੋਕ ਕੁਮਾਰ ਐਸ ਆਈ ਅਤੇ ਗੁਰਜੰਟ ਸਿੰਘ ਐਸ ਆਈ ਅਤੇ ਸੁਰਜੀਤ ਸਿੰਘ ਐਸਆਈ ਦੀ ਸੁਪਰਵੀਜਨ ਵਿੱਚ ਸੈਕਟਰ ਕਾਂਝਲਾ ਆਧੀਨ ਪਿੰਡ ਕਿਲਾਂ ਹਕੀਮਾਂ ਵਿਖੇ ਘਰ ਘਰ ਜਾ ਕੇ ਡ੍ਰਾਈ ਡੇ ਐਕਟੀਵਿਟੀ ਕੀਤੀ ਗਈ। ਜਿਸ ਦੌਰਾਨ ਅਸ਼ੌਕ ਕੁਮਾਰ,ਗੁਰਜੰਟ ਸਿੰਘ ਐਸ ਆਈ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡੈਂਗੂ ਇੱਕ ਵਾਇਰਲ ਬੁਖਾਰ ਹੈ ਜੋ ਏਡੀਜ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਇਹ ਮੱਛਰ ਹਮੇਸ਼ਾ ਸਾਫ਼ ਅਤੇ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ।ਇਹ ਮੱਛਰ ਕੂਲਰ ਦੇ ਪਾਣੀ ਵਿੱਚ ਅਤੇ ਫਰਿੱਜਾਂ ਪਿੱਛੇ ਲੱਗੀਆਂ ਟਰੇਆਂ,ਗਮਲਿਆਂ,ਕੰਨਟੇਨਰਾ,ਖੈਲਾ ਛੱਤ ਤੇ ਪਏ ਕਬਾੜ ਟਾਇਰਾਂ ਆਦਿ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ਇਸ ਲਈ ਸਾਨੂੰ ਇੱਕ ਹਫਤੇ ਤੋਂ ਪਹਿਲਾਂ ਪਹਿਲਾਂ ਇਹਨਾਂ ਬਰਤਨਾਂ ਵਿੱਚਲਾ ਪਾਣੀ ਬਦਲ ਦੇਣਾ ਚਾਹੀਦਾ ਹੈ ਅਤੇ ਬਰਤਨਾਂ ਨੂੰ ਪੂਰੀ ਤਰ੍ਹਾਂ ਸਾਫ਼ ਕਰ ਕੇ ਚੰਗੀ ਤਰ੍ਹਾਂ ਸੁੱਕਾ ਕੇ ਫਿਰ ਪਾਣੀ ਪਾਇਆ ਜਾਵੇ ਇਹ ਮੱਛਰ ਸਵੇਰੇ ਸ਼ਾਮ ਕੱਟਦਾ ਹੈ ਇਸ ਲਈ ਸਵੇਰੇ ਸ਼ਾਮ ਪੂਰੇ ਕੱਪੜੇ ਪਹਿਨਣੇ ਚਾਹੀਦੇ ਹਨ ਜੇ ਕਰ ਕਿਸੇ ਵਿਆਕਤੀ ਨੂੰ ਤੇਜ਼ ਸਿਰ ਦਰਦ ਅਤੇ ਤੇਜ਼ ਬੁਖਾਰ,ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ,ਮਾਸ ਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ,ਜੀ ਕੱਚਾ ਹੋਣਾ ਅਤੇ ਉਲਟੀਆਂ,ਹਾਲਤ ਖ਼ਰਾਬ ਹੋਣ ਤੇ ਨੱਕ,ਮੂੰਹ ਅਤੇ ਮਸੂੜਿਆਂ ਵਿੱਚੋਂ ਖ਼ੂਨ ਵੱਗਣਾ ਆਦਿ ਤਾਂ ਸਾਨੂੰ ਡੈਂਗੂ ਹੋਣ ਦੀਆਂ ਸੰਭਾਨਾਵਾਂ ਹੋ ਸਕਦੀਆਂ ਹਨ ਇਹਨਾਂ ਹਾਲਤਾਂ ਵਿੱਚ ਮਰੀਜ਼ ਨੂੰ ਵੱਧ ਤੋਂ ਵੱਧ ਤਰਲ ਪਦਾਰਥ ਦੇਣੇ ਚਾਹੀਦੇ ਹਨ ਅਤੇ ਮਰੀਜ਼ ਨੂੰ ਵੱਧ ਤੋਂ ਵੱਧ ਆਰਾਮ ਕਰਨਾ ਚਾਹੀਦਾ ਹੈ ਅਤੇ ਮਰੀਜ ਦੇ ਖਾਣਾ ਹਲਕਾ ਦੇਣਾ ਚਾਹੀਦਾ ਹੈ ਜੇ ਕਰ ਮਰੀਜ਼ ਦੀ ਹਾਲਤ ਖ਼ਰਾਬ ਲੱਗੇ ਤਾਂ ਮਰੀਜ਼ ਨੂੰ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰਨਾ ਚਾਹੁੰਦਾ ਹੈ ।ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੈਗੂ ਦਾ ਟੈਸਟ ਅਤੇ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ । ਟੀਮ ਮੈਂਬਰ ਗੁਰਵਿੰਦਰ ਸਿੰਘ ਮ,ਪ,ਹ,ਵ (ਮ) ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਰਬ ਧਰਮ ਸੰਮੇਲਨ 20 ਸਤੰਬਰ ਨੂੰ: ਕਾਲਕਾ/ਕਾਹਲੋਂ




**ਨਵੀਂ ਦਿੱਲੀ, 13 ਸਤੰਬਰ (ਮਨਪ੍ਰੀਤ ਸਿੰਘ ਖਾਲਸਾ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਹਨਾਂ ਦੇ ਨਾਲ ਸ਼ਹੀਦ ਹੋਏ ਅਨਿੰਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ , ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ " ਸਰਬ ਧਰਮ ਸੰਮੇਲਨ " ਸ਼ਿਨੱਚਰਵਾਰ, 20 ਸਤੰਬਰ 2025 ਨੂੰ ਸਵੇਰੇ 10 ਵਜੇ ਤੋਂ ਆਈ.ਸੀ.ਏ. ਆਰ. ਕਨਵੈਂਸ਼ਨ ਸੈਂਟਰ, ਪੂਸਾ ਰੋਡ , ਟੋਡਾਪੁਰ, ਨਵੀਂ ਦਿੱਲੀ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਸਰਬ ਧਰਮ ਸੰਮੇਲਨ ਵਿਚ ਵੱਖ-ਵੱਖ ਧਰਮਾਂ ਦੀਆਂ ਸ਼ਖਸੀਅਤਾਂ ਸ਼ਮੂਲੀਅਤ ਕਰਨਗੀਆਂ ਅਤੇ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਨਗੀਆਂ। ਉਹਨਾਂ ਦੱਸਿਆ ਕਿ ਸਰਬ ਧਰਮ ਸੰਮੇਲਨ ਦੀ ਤਿਆਰੀ ਮੁਕੰਮਲ ਕਰ ਲਈ ਗਈ ਹੈ। ਉਹਨਾਂ ਦੱਸਿਆ ਕਿ ਇਸ ਸੰਮੇਲਨ ਵਿਚ ਦਿੱਲੀ ਦੀਆਂ ਸੰਗਤਾਂ ਵੱਧ ਚੜ੍ਹ ਕੇ ਸ਼ਮੂਲੀਅਤ ਕਰਨਗੀਆਂ। ਇਸ ਵਾਸਤੇ ਮੈਂਬਰਾਂ ਦੀ ਡਿਊਟੀ ਵੀ ਲਗਾ ਦਿੱਤੀ ਗਈ ਹੈ ਜੋ ਆਪੋ ਆਪਣੇ ਹਲਕਿਆਂ ਤੋਂ ਸੰਗਤਾਂ ਨੂੰ ਲਿਆਉਣ ਵਾਸਤੇ ਤਾਲਮੇਲ ਕਰਨਗੇ। ਉਹਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ ਪਹਿਲਾਂ ਹੀ ਐਲਾਨ ਕੀਤਾ ਹੋਇਆ ਹੈ ਕਿ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਪ੍ਰੋਗਰਾਮ 25 ਨਵੰਬਰ ਤੱਕ ਲਗਾਤਾਰ ਚੱਲਣਗੇ ਤੇ 23 ਤੋਂ 25 ਨਵੰਬਰ ਤੱਕ ਲਾਲ ਕਿਲ੍ਹੇ 'ਤੇ ਵਿਸ਼ਾਲ ਤੇ ਯਾਦਗਾਰੀ ਸਮਾਗਮ ਹੋਣਗੇ ਜਿਸ ਵਿਚ ਦੇਸ਼ ਦੀ ਸਿਖ਼ਰਲੀ ਲੀਡਰਸ਼ਿਪ ਵੀ ਸ਼ਮੂਲੀਅਤ ਕਰੇਗੀ। ਉਹਨਾਂ ਕਿਹਾ ਕਿ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵੱਖ-ਵੱਖ ਨਗਰ ਕੀਰਤਨ ਵੀ ਦੇਸ਼ ਦੇ ਵੱਖ-ਵੱਖ ਭਾਗਾਂ ਤੋਂ ਕੌਮੀ ਰਾਜਧਾਨੀ ਪਹੁੰਚ ਰਹੇ ਹਨ ਜਿਹਨਾਂ ਦਾ ਦਿੱਲੀ ਦੀਆਂ ਸੰਗਤਾਂ ਨਾਲ ਰਲ ਕੇ ਦਿੱਲੀ ਗੁਰਦੁਆਰਾ ਕਮੇਟੀ ਭਰਵਾਂ ਸਵਾਗਤ ਕਰੇਗੀ। ਉਹਨਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਯਾਦਗਾਰੀ ਪ੍ਰੋਗਰਾਮਾਂ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਸ਼ਮੂਲੀਅਤ ਕਰਨ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰੂ ਕੀ ਦੇਗ ਦਾ ਨਿਰਾਦਰ ਸਰੋਮਣੀ ਕਮੇਟੀ ਕਰਵਾ ਰਹੀ ਹੈ—ਬੰਡਾਲਾ



ਫ਼ਿਰੋਜ਼ਪੁਰ, 13 ਸਤੰਬਰ (ਮਨੋਹਰ ਲਾਲ) :— ਦਮਦਮੀ ਟਕਸਾਲ ਦੇ ਜਥੇਦਾਰ ਗੁਰਨਾਮ ਸਿੰਘ ਬੰਡਾਲਾ ਨੇ ਕਿਹਾ ਪੰਥ ਅਜ ਕਲ ਕਿਓ ਖੇਰੂ ਖੇਰੂ ਹੈ ਕਿਓ ਦੁਖੀ ਹੈ ਕਿਓ ਕੁਰਸੀਆ ਚੋਧਰਾ ਲਈ ਬਰਾਹਮਣਵਾਦ ਦੇ ਤਲਵੇ ਚਟ ਰਿਹਾ ਹੈ ਇਸ ਹਾਲਤ ਦੀ ਮੁਖ ਦੋਸ਼ੀ ਸਰਮੋਣੀ ਕਮੇਟੀ ਹੈ ਇਸ ਕਮੇਟੀ ਨੇ ਸਿੰਘ ਸਾਹਿਬ ਸ਼ਹੀਦ ਭਾਈ ਮਨੀ ਸਿੰਘ ਸ਼ਹੀਦ ਬਾਬਾ ਦੀਪ ਸਿੰਘ ਜੀ ਵਲੋ ਚਲਾਈ ਗੁਰੂ ਘਰਾ ਵਿਚ ਦਸਮ ਪਿਤਾ ਜੀ ਦੀ ਦਸੀ ਧਾਰਮਿਕ ਮਰਿਯਾਦਾ ਦਾ ਕਤਲ ਕੀਤਾ ਹੈ ਪੰਜ ਵਕਾਰਾ ਵਾਲੇ ਜੇਤੂ ਮਹਾਪੁਰਖਾ ਪੁਰਾਤਿਨ ਸੰਪਰਦਾਵਾ ਨੂੰ ਵਿਸਾਰ ਕੇ ਕਮੇਟੀ ਨੇ ਸਿਆਸੀ ਵਿਕਾਰੀ ਮਨਮਤੀਆ ਵਿਦਿਵਾਨਾ ਦੀਆ ਸ਼ਰਾਰਤੀ ਦਲੀਲਾਂ ਤੇ ਫੁਲ ਚੜਾਉਦਿਆ ਸਰੋਮਣੀ ਕਮੇਟੀ ਨੇ ਸਾਡੀਆ ਪੁਰਾਤਿਨ ਮਰਿਯਾਦਾ ਦਾ ਰਜ ਕੇ ਕਤਲ ਕੀਤਾ ਹੈ ਇਸ ਵਕਤ ਸਿਰੀ ਦਰਬਾਰ ਸਾਹਿਬ ਦਸਮ ਪਿਤਾ ਜੀ ਦਸੀ ਮਰਿਯਾਦਾ ਨਹੀ ਚਲਦੀ ਭਸੌੜੀਆ ਮਿਸ਼ਨਰੀਆ ਦੀ ਮਰਿਯਾਦਾ ਧਕੇ ਨਾਲ ਚਲਾਈ ਜਾਦੀ ਹੈ ਸਿਰੀ ਆਕਾਲ ਤਖਤ ਸਾਹਿਬ ਦਾ ਨਾਮ ਪੰਥ ਨੂੰ ਗੁਮਰਾਹ ਕਰਨ ਲਈ ਵਰਤਿਆ ਜਾਦਾ ਹੈ ਚੀਫ ਸਕਤਰ ਰੂਪ ਸਿੰਘ ਨੇ ਪੰਜਾਹ ਸਾਲਾ ਸ਼੍ਰੋਮਣੀ ਕਮੇਟੀ ਇਤਹਾਸ ਲਿਖਿਆ ਹੈ ਉਸ ਵਿਚ ਪੜ ਲੈਣ ਉਸ ਨੇ ਬਕਾਇਦਾ ਸਪਸ਼ਟ ਕੀਤਾ ਸਿਰੀ ਆਕਾਲ ਤਖਤ ਸਾਹਿਬ ਜੀ ਤੇ ਪੰਥ ਦੀ ਸਹਿਮਤੀ ਨਾਲ ਕੋਈ ਮਰਿਯਾਦਾ ਪਾਸ ਨਹੀ ਹੋਈ ਸਰੋਮਣੀ ਕਮੇਟੀ ਵਲੋ ਖਰੜਾ ਮਰਿਯਾਦਾ ਛਾਪਿਆ ਜਾਦਾ ਸੀ ਪਤਾ ਲਗਾ ਹੈ ਸ਼ਹੀਦ ਭਾਈ ਮਨੀਸਿੰਘ ਜੀ ਨੇ ਮਰਿਯਾਦਾ ਹਰਿਮੰਦਰ ਸਾਹਿਬ ਇਕ ਪੋਥੀ ਲਿਖੀ ਸੀ ਉਹ ਗੁਰਚਰਨ ਸਿੰਘ ਟੋਹੜਾ ਨੂ ਵਖਾਈ ਗਏਈ ਉਹ ਕਾਮਰੇਡ ਸੋਚ ਦੇ ਧਾਰਨੀ ਸਕਤਰਾ ਨੇ ਖੁਰਦ ਬੁਰਦ ਕਰ ਦਿਤੀ। ਉਨ੍ਹਾਂ ਕਿਹਾ ਕਿ ਅਸੀ ਹਰ ਰੋਜ ਅਰਦਾਸੀਏ ਰਾਹੀ ਹਰਿਮਦਰ ਸਾਹਿਬ ਝੂਠ ਬੋਲਦੇ ਹਾ ਅਨੰਦ ਸਾਹਿਬ ਪਾਠ ਅਸੀ ਛੇ ਪਾਉੜੀ ਪੜਦੇ ਹਾ ਅਰਦਾਸ ਅਨੰਦ ਸਾਹਿਬ ਦੀ ਕਰਦੇ ਹਾ ਦੇਗ ਦੀ ਮਰਿਯਾਦਾ ਹੈ ਦੇਗ ਵਿਚ ਸਿਖ ਦੀ ਸ਼ਰਧਾ ਹੈ ਪਰੇਮ ਹੈ ਅਸੀ ਗੁਰੂ ਗਰੰਥ ਸਾਹਿਬ ਜੀ ਨੂ ਪ੍ਰਗਟ ਗੁਰਾ ਕੀ ਦੇਹ ਨਹੀ ਮੰਨਦੇ ਗਿਆਨ ਦੀ ਕਿਤਾਬ ਮੰਨਦੇ ਹੈ ਤਾ ਹੀ ਦੇਗ ਨੂ ਗੁਰੂ ਦਾ ਭੋਗ ਨਹੀ ਲੁਵਾਇਆ ਜਾਦਾ ਸੁਕੀ ਰਸਦ ਵਾਂਗ ਦਰ ਪਰਵਾਨ ਕਹਿ ਕੇ ਸਾਰ ਦੇਦੇ ਹਾ ਹੁਕਮਨਾਮੇ ਤੋ ਬਾਅਦ ਨਾ ਕਿਰਪਾਨ ਮਾਂਜਨੀ ਜਿਸ ਤਰਾ ਪਈ ਉਸੇ ਤਰਾ ਚੁਕ ਕੇ ਫੇਰ ਦੇਣੀ। ਦੇਗ ਨਹੀ ਹਵਨ ਦਾ ਕੜਾਹ ਸਮਝਦੇ ਹਾ ਫਿਰ ਗੁਰੂ ਘਰਾ ਵਿਚ ਕਮੇਟੀਆ ਨੇ ਪਲਾਸਟਿਕ ਦੇ ਡਬੇ ਰਖੇ ਉਨਾ ਵਿਚ ਕੜਾਹ ਪਾਇਆ ਜਾਦਾ ਹੈ ਨਾ ਭੋਗ ਲਗਣ ਕਰਕੇ ਕਈ ਗੁਰਸਿਖ ਪਰਸ਼ਾਦ ਨਹੀ ਲੈਦੇ ਰਹਿਰਾਸ ਮੂਲਮੰਤਰ ਚੌਪਈ ਸਾਹਿਬ ਸਭ ਬਾਣੀਆ ਕਟ ਵਡ ਕਰਕੇ ਭਾਰੀ ਬੇਅਦਬੀ ਕੀਤੀ ਹੈ ਅਰਦਾਸ ਚੌਪਈ ਸਾਹਿਬ ਦੀ ਕਰਦੇ ਹਾ ਚਾਰ ਪਾਉੜੀਆ ਕਮੇਟੀ ਨੇ ਕਟੀਆ ਹਨ ਜਿਹੜੇ ਮਨਮਤੀ ਵਿਦਿਵਾਨਾ ਰਾਹੀ ਸਰੋਮਣੀ ਕਮੇਟੀ ਸਾਡੇ ਤੇ ਮਰਿਯਾਦਾ ਸਿਧਾਂਤ ਠੋਸਦੀ ਹੈ ਉਨਾ ਦੀ ਪੰਥ ਵਿਚ ਕੁਰਬਾਨੀ ਸੇਵਾ ਦਸੀ ਜਾਵੇ ਇਹ ਸਰੋਮਣੀ ਕਮੇਟੀ ਬਿਲਕੁਲ ਧਾਰਮਿਕ ਨਹੀ ਪੰਥ ਦੇ ਸਿਰਤੇ ਬਿਠਾਇਆ ਬਾਦਲ ਵਲੋ ਨਿਰੋਲ ਬਿਨਾ ਕਿਰਪਾਨ ਤੋ ਸਿਆਸੀ ਟੋਲਾ ਹੈ ਜਿਨਾ ਚਿਰ ਇਹ ਸਿਆਸੀ ਟੋਲਾ ਧਾਰਮਿਕ ਅਸਥਾਨਾ ਤੇ। ਬੈਠਾ ਹੈ ਉਨਾ ਚਿਰ ਪੰਥ ਵਿਚ ਨਾ ਏਕਤਾ ਹੋਵੇ ਨਾ ਹੀ ਦਸਮ ਪਿਤਾ ਜੀ ਦੇ ਚਲਾਏ ਸਿਧਾਂਤ ਲਾਗੂ ਹੋਣ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਹੜ੍ਹਾਂ ਕਾਰਨ ਫੈਲੀ ਗੰਦਗੀ ਨੂੰ ਸਾਫ਼ ਕਰਨ ਲਈ

# 'ਆਪ' ਸਰਕਾਰ ਵੱਲੋਂ ਵੱਡੇ ਪੱਧਰ 'ਤੇ ਸਫ਼ਾਈ ਅਭਿਆਨ ਸ਼ੁਰੂ



**ਜੰਡਿਆਲਾ ਗੁਰੂ, 13 ਸਤੰਬਰ ( ਕੁਲਵੰਤ ਸਿੰਘ ਵਿਰਦੀ )**-ਆਮ ਆਦਮੀ ਪਾਰਟੀ-ਅੰਮ੍ਰਿਤਸਰ ਦੇ ਲੋਕ ਸਭਾ ਇੰਚਾਰਜ ਜਸਕਰਨ ਸਿੰਘ ਬੰਦੇਸ਼ਾ ਨੇ ਪ੍ਰੈੱਸ ਨਾਲ ਗੱਲ ਬਾਤ ਕਰਦਿਆਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਹੜ੍ਹਾਂ ਕਾਰਨ ਫੈਲੀ ਗੰਦਗੀ ਨੂੰ ਸਾਫ਼ ਕਰਨ ਲਈ ਵੱਡੇ ਪੱਧਰ 'ਤੇ ਸਫ਼ਾਈ ਅਭਿਆਨ ਸ਼ੁਰੂ ਕੀਤਾ ਗਿਆ, ਜਿਸ ਲਈ 100 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਲੋਕਾਂ ਦੇ ਜਨ-ਜੀਵਨ ਨੂੰ ਜਲਦ ਤੋਂ ਜਲਦ ਮੁੜ ਬਹਾਲ ਕੀਤਾ ਜਾਵੇਗਾ। ਇਸ ਮੌਕੇ ਜਿਲ੍ਹਾ ਜਨਰਲ ਸਕੱਤਰ ਮੁਖਵਿੰਦਰ ਵਿਰਦੀ, ਮਾਝਾ ਜ਼ੋਨ ਮੀਡੀਆ ਇੰਚਾਰਜ ਅਰਵਿੰਦਰ ਸਿੰਘ ਭੱਟੀ, ਜ਼ਿਲਾ ਮੀਡੀਆ ਇੰਚਾਰਜ-ਅੰਮ੍ਰਿਤਸਰ ਸਤਨਾਮ ਸਿੰਘ ਮਠਾੜੂ ਅਤੇ ਹਲਕਾ ਸੰਗਠਨ ਇੰਚਾਰਜ ਹਰਪ੍ਰੀਤ ਸਿੰਘ ਬੇਦੀ ਉਚੇਚੇ ਤੌਰ ਕੇ ਮੌਜੂਦ ਰਹੇ ।ਬੰਦੇਸ਼ਾ ਨੇ ਦੱਸਿਆ ਕਿ ਪੰਜਾਬ ਦੇ 2300 ਪ੍ਰਭਾਵਿਤ ਪਿੰਡਾਂ ਵਿੱਚ ਜੇਸੀਬੀ, ਟਰੈਕਟਰ, ਟਰਾਲੀਆਂ ਅਤੇ ਲੇਬਰ ਦੀ ਮਦਦ ਨਾਲ 10 ਦਿਨਾਂ ਅੰਦਰ ਖੇਤਾਂ ਅਤੇ ਪਿੰਡਾਂ ਵਿੱਚੋਂ ਮਲਬੇ ਦੀ ਸਫ਼ਾਈ ਕਰਵਾਈ ਜਾਵੇਗੀ ਅਤੇ ਰੁੜ ਕੇ ਮਰੇ ਪਸ਼ੂਆਂ ਦਾ ਸਹੀ ਤਰੀਕੇ ਨਾਲ ਨਿਪਟਾਰਾ ਕੀਤਾ ਜਾਵੇਗਾ। ਹਰ ਪਿੰਡ ਨੂੰ ਪਹਿਲੇ ਪੜਾਅ ਵਿੱਚ 1-1 ਲੱਖ ਰੁਪਏ ਦਿੱਤੇ ਜਾਣਗੇ ਅਤੇ ਖ਼ਰਚੇ ਦੇ ਅਨੁਸਾਰ ਹੋਰ ਰਕਮ ਵੀ ਵੰਡ ਦਿੱਤੀ ਜਾਵੇਗੀ। ਸਫਾਈ ਤੋਂ ਬਾਅਦ ਫੋਗਿੰਗ ਵੀ ਕਰਵਾਈ ਜਾਵੇਗੀ, ਕਈ ਪਿੰਡਾਂ ਵਿੱਚ ਸ਼ੁਰੂ ਵੀ ਕੀਤੀ ਜਾ ਚੁੱਕੀ ਹੈ। ਇਹ ਮੁਹਿੰਮ 25 ਸਤੰਬਰ ਤੱਕ ਪੂਰੀ ਕਰਨ ਦਾ ਟਾਰਗੇਟ ਰੱਖਿਆ ਗਿਆ ਹੈ। ਇਸ ਤੋਂ ਇਲਾਵਾ, 15 ਅਕਤੂਬਰ ਤੱਕ ਪਿੰਡਾਂ ਦੀਆਂ ਸਾਂਝੀਆਂ ਥਾਵਾਂ ਜਿਵੇਂ ਪੰਚਾਇਤ ਘਰ, ਸਕੂਲ, ਡਿਸਪੈਂਸਰੀਆਂ ਅਤੇ ਕਮਿਊਨਟੀ ਹਾਲ ਜਿਹਨਾਂ ਨੂੰ ਨੁਕਸਾਨ ਪਹੁੰਚਿਆ ਹੈ, ਉਨ੍ਹਾਂ ਦੀ ਮੁਰੰਮਤ ਕਰ ਦਿੱਤੀ ਜਾਵੇਗੀ। 22 ਅਕਤੂਬਰ ਤੱਕ ਛੱਪੜਾਂ ਦੀ ਪੂਰੀ ਤਰ੍ਹਾਂ ਸਫ਼ਾਈ ਮੁਕੰਮਲ ਕੀਤੀ ਜਾਵੇਗੀ ।ਬੰਦੇਸ਼ਾ ਨੇ ਕਿਹਾ ਕਿ ਸਰਕਾਰ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਇਸ ਮੁਹਿੰਮ ਵਿੱਚ ਐਨਜੀਓਜ਼, ਯੂਥ ਕਲੱਬਾਂ ਅਤੇ ਹੋਰ ਸੰਸਥਾਵਾਂ ਦੀ ਭਾਗੀਦਾਰੀ ਦਾ ਸਵਾਗਤ ਹੈ। ਸਾਰੇ ਪ੍ਰਭਾਵਿਤ ਪਿੰਡਾਂ ਅਤੇ ਵਾਰਡਾਂ ਵਿੱਚ ਮੈਡੀਕਲ ਕੈਂਪ ਲਗਾਏ ਜਾਣਗੇ। 596 ਪਿੰਡਾਂ ਵਿੱਚ ਆਮ ਆਦਮੀ ਕਲੀਨਿਕਾਂ ਰਾਹੀਂ ਦਵਾਈਆਂ ਮੌਜੂਦ ਰਹਿਣਗੀਆਂ ਜਦਕਿ ਬਾਕੀ 1707 ਪਿੰਡਾਂ ਵਿੱਚ ਸਾਂਝੀਆਂ ਥਾਵਾਂ 'ਤੇ ਕੈਂਪ ਲਗਾਏ ਜਾਣਗੇ। ਇਨ੍ਹਾਂ ਕੈਂਪਾਂ ਲਈ 550 ਐਂਬੂਲੈਂਸਾਂ ਤੈਨਾਤ ਕੀਤੀਆਂ ਜਾਣਗੀਆਂ ।ਪਸ਼ੂਆਂ ਦੀ ਸਿਹਤ ਦਾ ਵੀ ਖ਼ਾਸ ਧਿਆਨ ਰੱਖਿਆ ਜਾਵੇਗਾ। ਸਰਕਾਰ ਨੇ ਦੱਸਿਆ ਕਿ ਲਗਭਗ 2.5 ਲੱਖ ਪਸ਼ੂ ਬਿਮਾਰੀਆਂ ਨਾਲ ਪ੍ਰਭਾਵਿਤ ਹਨ, ਜਿਨ੍ਹਾਂ ਲਈ ਹਰ ਪਿੰਡ ਵਿੱਚ ਵੈਟਰਨਰੀ ਡਾਕਟਰ ਉਪਲਬਧ ਕਰਵਾਏ ਜਾਣਗੇ ।ਇਸ ਮੌਕੇ ਰੌਸ਼ਨ ਸਿੰਘ, ਕੇਵਲ ਅਟਵਾਲ, ਐਸ ਪੀ ਸਿੰਘ, ਗੁਰਪ੍ਰੀਤ ਸਿੰਘ ਚਾਹਤ, ਤਿਰਲੋਕੀ ਨਾਥ, ਮੋਨਿਕਾ ਲਾਂਬਾ, ਦਲਜੀਤ ਸਿੰਘ ਅਤੇ ਨਿਰਮਲ ਸੋਖੀ ਹਾਜ਼ਰ ਸਨ।

## ਵਣ ਮੰਡਲ ਅਫਸਰ ਫ਼ਿਰੋਜ਼ਪੁਰ ਦੇ ਦਫਤਰ ਮੂਹਰੇ ਹੋਣ ਵਾਲਾ ਧਰਨਾ ਮੁਲਤਵੀ—ਧਾਲੀਵਾਲ

ਫ਼ਿਰੋਜ਼ਪੁਰ, 13 ਸਤੰਬਰ (ਮਨੋਹਰ ਲਾਲ) :— ਪੰਜ਼ਾਬ ਫੋਰੈਸਟ ਪੈਨਸ਼ਨਰਜ ਐਸੋਸੀਏਸ਼ਨ ਵੱਲੋਂ ਵਣ ਪੈਨਸ਼ਨਰਜ ਦੀਆਂ ਸਮੱਸਿਆਵਾਂ ਅਤੇ ਬਣਦੇ ਸੇਵਾ ਲਾਭ ਜਿਵੇਂ ਗਰੇਚੁਟੀ, ਲਿਵ ਇਨ ਕੈਸ਼ਮੈਂਟ, ਛੇਵੇਂ ਪੇ ਕਮਿਸ਼ਨ ਅਨੁਸਾਰ ਡੀ.ਏ ਆਦਿ ਦੇ ਬਕਾਏ ਦੇਣ, ਚਲਦੀਆਂ ਅਪੀਲਾਂ ਅਤੇ ਕੇਸਾਂ ਵਿੱਚ ਲੋੜੀਂਦਾ ਰਿਕਾਰਡ ਦੇਣ, ਰਿਕਾਰਡ ਦੇ ਆਧਾਰ ਤੇ ਸਮਾਂਬੱਧ ਕੇਸਾਂ ਦਾ ਨਿਪਟਾਰਾ ਅਤੇ ਟਿੱਪਣੀ ਕਰਨ ਸਬੰਧੀ ਵਣ ਮੰਡਲ ਅਫ਼ਸਰ ਫ਼ਿਰੋਜ਼ਪੁਰ ਦੇ ਦਫਤਰ ਮੀਟਿੰਗ ਦੀ ਮੰਗ ਕੀਤੀ ਸੀ ਅਤੇ ਸਮਾਂ ਨਾ ਦੇਣ ਦੀ ਸੂਰਤ ਵਿੱਚ 15 ਸਤੰਬਰ ਨੂੰ ਵਣ ਮੰਡਲ ਦਫਤਰ ਫ਼ਿਰੋਜ਼ਪੁਰ ਵਿਖ਼ੇ ਧਰਨੇ ਦਾ ਨੋਟਿਸ ਦਿੱਤਾ ਸੀ। ਇਸ ਸਬੰਧੀ ਗੱਲਬਾਤ ਕਰਦਿਆਂ ਮੁਹਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਵਣ ਮੰਡਲ ਅਫ਼ਸਰ ਫ਼ਿਰੋਜ਼ਪੁਰ ਵੱਲੋਂ ਪੱਤਰ ਜਾਰੀ ਕਰਕੇ ਮੀਟਿੰਗ ਦਾ ਸਮਾਂ ਦੇ ਦਿੱਤਾ ਹੈ। ਇਸ ਲਈ ਸੂਬਾ ਕਮੇਟੀ ਵੱਲੋਂ ਵਣ ਮੰਡਲ ਦਫਤਰ ਫ਼ਿਰੋਜ਼ਪੁਰ ਵਿਖੇ ਰਖਿਆ ਧਰਨਾ ਹਾਲ ਦੀ ਘੜੀ ਮੁਲਤਵੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਜੇਕਰ ਮਸਲੇ ਹੱਲ ਨਹੀਂ ਕੀਤੇ ਜਾਂਦੇ ਤਾਂ ਉਸ ਦਿਨ ਫੈਸਲਾ ਕਰਕੇ ਧਰਨੇ ਦਾ ਨੋਟਿਸ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬਾ ਕਮੇਟੀ ਅਤੇ ਸਰਕਲ ਫ਼ਿਰੋਜ਼ਪੁਰ ਸਰਕਲ ਦੇ ਆਹੁਦੇਦਾਰ ਅਤੇ ਮੈਬਰ ਨੂੰ ਵਣ ਮੰਡਲ ਅਫ਼ਸਰ ਫ਼ਿਰੋਜ਼ਪੁਰ ਦੇ ਦਫਤਰ ਹੋਣ ਵਾਲੀ ਮੀਟਿੰਗ ਵਿੱਚ ਸਮੇਂ ਸਿਰ ਹਾਜਰ ਹੋਣ ਦੀ ਅਪੀਲ ਕੀਤੀ ਜਾਂਦੀ ਹੈ।

### ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਦੀ ਨਿਗਰਾਨੀ ਵਿੱਚ

# ਹੜ੍ਹ ਪ੍ਰਭਾਵਿੱਤ 25 ਪਿੰਡਾਂ ਅੰਦਰ ਚਲਾਇਆ ਗਿਆ ਮਹਾਂ ਸਫਾਈ ਅਭਿਆਨ

**ਪਠਾਨਕੋਟ, 13 ਸਤੰਬਰ, ( ਆਵਾਜ਼ਿ ਕੌਮ ਬਿਊਰੋ )**-ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਪਿਛਲੇ ਦਿਨ੍ਹਾਂ ਤੋਂ ਅਸੀ ਲਗਾਤਾਰ ਰਾਹਤ ਸਮੱਗਰੀ ਪਹੁੰਚਾਉਂਣ ਦਾ ਕਾਰਜ ਕਰ ਰਹੇ ਹਾਂ ਜਿਨ੍ਹਾਂ ਦਾ ਘਰ ਰੂੜ ਗਿਆ, ਜਿਨ੍ਹਾਂ ਦੇ ਘਰ੍ਹਾਂ ਦਾ ਸਮਾਨ ਰੂੜ, ਗਿਆ, ਜਿਸ ਦੇ ਖੇਤ ਰੂੜ ਗਏ, ਜਿਸ ਦੀਆਂ ਦੁਕਾਨਾਂ ਰੂੜ ਗਈਆਂ ਹੜ੍ਹਾਂ ਤੋਂ ਪ੍ਰਭਾਵਿੱਤ ਲੋਕਾਂ ਤੱਕ ਰਾਹਤ ਸਮੱਗਰੀ ਪਹੁੰਚਾਉਂਣ ਦਾ ਕਾਰਜ ਕੀਤਾ ਹੈ ਅੱਜ ਵੀ ਮੁੱਖ ਮੰਤਰੀ ਪੰਜਾਬ ਵੱਲੋਂ ਵੱਡਾ ਬਿਆਨ ਦਿੱਤਾ ਗਿਆ ਹੈ ਕਿ ਜਿਸ ਦਾ ਖੇਤ ਉਸ ਦੀ ਰੇਤ ਬਹੁਤ ਵੱਡੀ ਗੱਲ ਹੈ, ਅਤੇ ਅੱਜ ਹੜ੍ਹ ਪ੍ਰਭਾਵਿੱਤ ਖੇਤਰਾਂ ਅੰਦਰ ਇੱਕ ਸਫਾਈ ਦਾ ਮਹਾ ਅਭਿਆਨ ਚਲਾਇਆ ਗਿਆ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਹੜ੍ਹ ਪ੍ਰਭਾਵਿੱਤ ਵੱਖ ਵੱਖ ਪਿੰਡਾਂ ਅੰਦਰ ਸਫਾਈ ਕਾਰਜਾਂ ਵਿੱਚ ਹਿੱਸਾ ਲੈਣ ਮਗਰੋਂ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ. ਵਿੰਗ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਰਜਿੰਦਰ ਭਿੱਲਾ ਬਲਾਕ ਪ੍ਰਧਾਨ, ਸੁਰਿੰਦਰ ਸਾਹ ਬਲਾਕ ਪ੍ਰਧਾਨ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਬਲਜਿੰਦਰ ਕੌਰ ਬਲਾਕ ਪ੍ਰਧਾਨ, ਮੁਨੀਸ ਗੁਪਤਾ ਸਰਪੰਚ ਬਮਿਆਲ, ਭੁਪਿੰਦਰ ਸਿੰਘ ਮੂੰਨਾ, ਲਵਲੀ ਮੰਜੀਰੀ, ਰਾਜ ਕੁਮਾਰ ਸਰਪੰਚ ਕੋਹਲੀਆ, ਅੰਮਿਤ ਕੁਮਾਰ, ਬਲਜਿੰਦਰ ਸਿੰਘ ਪ੍ਰਧਾਨ ਕਿਸਾਨ ਵਿੰਗ ਅਤੇ ਪਾਰਟੀ ਦੇ ਹੋਰ ਕਾਰਜਕਰਤਾ ਵੀ ਹਾਜਰ ਸਨ। ਇਸ ਮੋਕੇ ਤੇ ਜਾਣਕਾਰੀ ਦਿੰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੇ ਬਹੁਤ ਸਾਰੇ ਖੇਤਰ ਅੰਦਰ ਹੜ੍ਹਾਂ ਦੀ ਕੁਦਰਤੀ ਮਾਰ ਹੇਠ ਵੱਡਾ ਖੇਤਰ ਪ੍ਰਭਾਵਿੱਤ ਹੋਇਆ। ਲੋਕਾਂ ਦਾ ਬਹੁਤ ਜਿਆਦਾ ਨੁਕਸਾਨ ਹੋਇਆ, ਘਰ੍ਹਾਂ ਦਾ ਸਮਾਨ, ਦੁਕਾਨਾਂ, ਖੇਤ ਆਦਿ ਪ੍ਰਭਾਵਿੱਤ ਹੋਏ ਅਤੇ ਉਸ ਦਿਨ ਤੋਂ ਹੀ ਪਿਛਲੇ ਹਫਤੇ ਭਰ ਆਮ ਆਦਮੀ ਪਾਰਟੀ ਅਤੇ ਜਿਲ੍ਹਾ ਪ੍ਰਸਾਸਨ ਵੱਲੋਂ ਹੜ੍ਹ ਪ੍ਰਭਾਵਿੱਤ ਖੇਤਰਾਂ ਅੰਦਰ ਰਾਹਤ ਸਮੱਗਰੀ ਪਹੁੰਚਾਈ ਗਈ ਤਾਂ ਜੋ ਲੋਕ ਇਨ੍ਹਾਂ ਹੜ੍ਹਾਂ ਦੀ ਮਾਰ ਤੋਂ ਬਾਹਰ ਆ ਸਕਣ। ਉਨ੍ਹਾਂ ਕਿਹਾ ਕਿ ਅੱਜ ਆਮ ਆਦਮੀ ਪਾਰਟੀ ਵੱਲੋਂ ਵਿਧਾਨ ਸਭਾ ਹਲਕਾ ਭੋਆ ਦੇ ਹੜ੍ਹ ਪ੍ਰਭਾਵਿੱਤ ਕਰੀਬ 25 ਪਿੰਡਾਂ ਅੰਦਰ ਮਹਾਂ ਸਫਾਈ ਅਭਿਆਨ ਚਲਾਇਆ ਗਿਆ ਹੈ। ਜਿਸ ਵਿੱਚ ਪਿੰਡ ਤਾਸ, ਮਾਖਣਪੁਰ, ਬਰਮਾਲ ਜੱਟਾਂ, ਅਖਵਾਨਾ, ਮੰਜੀਰੀ ਜੱਟਾਂ, ਮਜੀਰੀ ਆਰੀਆਂ, ਸੇਖੁਪੁਰ ਮੰਜੀਰੀ, ਮੰਜੀਰੀ ਰਾਜਪੂਤਾਂ, ਪਹਾੜੀਪੁਰ, ਫਰਵਾਲ, ਬਮਿਆਲ, ਭਗਵਾਲ, ਦਤਿਆਲ, ਜੈਨਪੁਰ, ਝਾੜਕ, ਪੰਮਾਂ, ਕੋਹਲੀਆਂ, ਅਨਿਆਲ, ਕਿੱਲਪੁਰ, ਗਾਜੀਬਾੜਵਾਂ, ਚੜੋਲੀ, ਬਸਾਉ ਬਾੜਵਾਂ, ਆਦਮ ਬਾੜਵਾਂ, ਕਾਂਸੀ ਬਾੜਵਾਂ ਅਤੇ ਖੁਦਾਈਪੁਰ ਦੇ ਅੰਦਰ ਮਹਾਂ ਸਫਾਈ ਅਭਿਆਨ ਚਲਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਤੋਂ ਬਾਅਦ ਹੜ੍ਹ ਪ੍ਰਭਾਵਿੱਤ ਖੇਤਰਾਂ ਅੰਦਰ ਬੀਮਾਰੀਆਂ ਦੇ ਫੈਲਣ ਦੀ ਆਸੰਕਾਂ ਬਣੀ ਰਹਿੰਦੀ ਹੈ। ਇਸ ਉਦੇਸ ਨਾਲ ਲੋਕਾਂ ਨੂੰ ਗੰਦਗੀ ਤੋਂ ਮੁਕਤੀ ਦਿਲਾਉਂਣ ਦੇ ਉਦੇਸ ਨਾਲ ਕਰੀਬ 25 ਪਿੰਡਾਂ ਅੰਦਰ ਸਫਾਈ ਅਭਿਆਨ ਚਲਾਇਆ ਗਿਆ ਹੈ, ਜਿੱਥੇ ਪਾਣੀ ਖੜਾ ਹੈ ਉੱਥੇ ਸਪ੍ਰੇ ਕੀਤਾ ਗਿਆ ਹੈ, ਮੱਛਰਾਂ ਤੋਂ ਬਚਾਓ ਦੇ ਲਈ ਫੋਗਿੰਗ ਕੀਤੀ ਗਈ ਹੈ, ਮੋਕੇ ਤੇ ਮੈਡੀਕਲ ਕੈਂਪ ਲਗਾ ਕੇ ਲੋਕਾਂ ਨੂੰ ਫ੍ਰੀ ਦਵਾਈਆਂ ਵੀ ਵੰਡੀਆਂ ਗਈਆਂ ਹਨ ।ਉਨ੍ਹਾਂ ਕਿਹਾ ਕਿ ਇਹ ਅਭਿਆਨ ਆਉਂਣ ਵਾਲੇ ਕਰੀਬ 10 ਦਿਨ੍ਹਾਂ ਤੱਕ ਜਾਰੀ ਰਹੇਗਾ ਅਤੇ ਹਰੇਕ ਪਿੰਡ ਜਿਹੜਾ ਹੜ੍ਹਾਂ ਦੇ ਕਾਰਨ ਪ੍ਰਭਾਵਿੱਤ ਹੋਇਆ ਹੈ ਉਸ ਪਿੰਡ ਤੱਕ ਪਹੁੰਚ ਕਰਕੇ ਲੋਕਾਂ ਨੂੰ ਸਾਫ ਸੁਥਰਾ ਵਾਤਾਵਰਣ ਦਿੱਤਾ ਜਾਵੈ ਤਾਂ ਜੋ ਹੜ੍ਹਾਂ ਤੋਂ ਬਾਅਦ ਹੋਣ ਵਾਲੀਆਂ ਬੀਮਾਰੀਆਂ ਤੋਂ ਬਚਾਓ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਅੰਦਰ ਪੂਰੀ ਤਨਦੇਹੀ ਦੇ ਨਾਲ ਸਫਾਈ ਅਭਿਆਨ ਚਲਾਇਆ ਜਾ ਰਿਹਾ ਹੈ ਅਤੇ ਭਵਿੱਖ ਅੰਦਰ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੇ ਆਦੇਸਾਂ ਅਨੁਸਾਰ ਹਰ ਹੜ੍ਹ ਪ੍ਰਭਾਵਿੱਤ ਪਿੰਡ ਨੂੰ ਰਾਹਤ ਪ੍ਰਦਾਨ ਕੀਤੀ ਜਾ ਰਹੀ ਹੈ। ਜਿਕਰਯੋਗ ਹੈ ਕਿ ਕੈਬਨਿਟ ਮੰਤਰੀ ਪੰਜਾਬ ਵੱਲੋਂ ਜਿੱਥੇ ਖੁਦ ਪਿੰਡ ਦੇ ਸਫਾਈ ਅਭਿਆਨਾਂ ਵਿੱਚ ਹਿੱਸਾ ਲਿਆ ਗਿਆ ਉੱਥੇ ਹੀ ਵੱਖ ਵੱਖ ਪਿੰਡਾਂ ਦੇ ਦੋਰੇ ਕਰਕੇ ਲੋਕਾਂ ਨੂੰ ਸਫਾਈ ਦੇ ਲਈ ਅੱਗੇ ਆਉਂਣ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਵੱਲੋਂ ਗਲੀ ਗਲੀ ਪਹੁੰਚ ਕਰਕੇ ਮਹਿਲਾਵਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਅਤੇ ਸਮੱਸਿਆਵਾਂ ਜਲਦੀ ਹੀ ਹੱਲ ਕਰਨ ਦਾ ਭਰੋਸਾ ਵੀ ਦਿੱਤਾ।



## ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਸਲਾਨਾ ਮਹਾਨ ਗੁਰਮਤਿ ਜਪਤਪ ਸਮਾਗਮ 20 ਸਤੰਬਰ ਨੂੰ—ਸੰਤ ਬਾਬਾ ਸੁੱਚਾ ਸਿੰਘ



**ਫ਼ਿਰੋਜ਼ਪੁਰ, 13 ਸਤੰਬਰ (ਮਨੋਹਰ ਲਾਲ)** :— ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਧੰਨ—ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਅਤੇ ਧੰਨ—ਧੰਨ ਬਾਬਾ ਨੰਦ ਸਿੰਘ ਜੀ ਦੀ ਬਰਸੀ ਦੀ ਮਿੱਠੀ ਯਾਦ ਵਿਚ ਸਲਾਨਾ ਮਹਾਨ ਗੁਰਮਤਿ ਜਪਤਪ ਸਮਾਗਮ ਕਰਵਾਏ ਜਾ ਰਹੇ ਹਨ। ਇਹ ਜਾਣਕਾਰੀ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਸਲਾਨਾ ਮਹਾਨ ਗੁਰਮਤਿ ਜਪਤਪ ਸਮਾਗਮ ਮੌਜੂਦਾ ਮੁਖੀ ਮਹਾਂਪੁਰਸ਼ ਸ੍ਰੀਮਾਨ ਸੰਤ ਬਾਬਾ ਗੁਰਜੀਤ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ ਅਤੇ ਸ੍ਰੀਮਾਨ ਸੰਤ ਬਾਬਾ ਸੁਖਦੇਵ ਸਿੰਘ ਭੁਚੋ ਸਾਹਿਬ ਦੀ ਰਹਿਨੁਮਾਈ ਹੇਠ ਧੰਨ—ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਅਤੇ ਧੰਨ—ਧੰਨ ਬਾਬਾ ਨੰਦ ਸਿੰਘ ਜੀ ਦੀ ਬਰਸੀ ਦੀ ਮਿੱਠੀ ਯਾਦ ਵਿਚ ਸਲਾਨਾ ਮਹਾਨ ਗੁਰਮਤਿ ਜਪ ਤਪ ਸਮਾਗਮ ਕਰਵਾਏ ਜਾ ਰਹੇ ਹਨ। ਇਸ ਤੋਂ ਇਲਾਵਾ ਸਰਬੱਤ ਦੇ ਭਲੇ ਲਈ ਜ਼ੋ ਕਿ ਸ੍ਰੀ ਮਹਾਂ ਸੰਪਟ ਆਖੰਡ ਪਾਠ 31 ਅਗਸਤ ਦਿਨ ਐਤਵਾਰ ਆਰੰਭ ਹੋਏ ਸੀ, ਜਿਨ੍ਹਾਂ ਦੇ ਭੋਗ 20 ਸਤੰਬਰ 2025 ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ ।ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਭਾਰੀ ਗਿਣਤੀ ਵਿਚ ਸੰਤ ਮਹਾਂਪੁਰਸ਼ ਗੁਣੀ ਗਿਆਨੀ, ਵਿਦਵਾਨ, ਕਥਾਵਾਚਕ, ਰਾਗੀ, ਢਾਡੀ ਜਥੇ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਇਸ ਮੌਕੇ ਤੇ ਮੌਜੂਦਾ ਮਹਾਂਪੁਰਸ਼ ਸ੍ਰੀਮਾਨ ਸੰਤ ਬਾਬਾ ਗੁਰਜੀਤ ਸਿੰਘ ਨਾਨਕਸਰ ਕਲੇਰਾਂ ਵਾਲੇ ਸ੍ਰੀਮਾਨ ਸੰਤ ਬਾਬਾ ਗੁਰਚਰਨ ਸਿੰਘ ਨਾਨਕਸਰ ਕਲੇਰਾਂ ਵਾਲੇ, ਸ੍ਰੀਮਾਨ ਸੰਤ ਬਾਬਾ ਸੁਖਦੇਵ ਸਿੰਘ ਭੁਚੋ ਸਾਹਿਬ, ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਸ੍ਰੀਮਾਨ ਸੰਤ ਬਾਬਾ ਸੇਵਾ ਸਿੰਘ ਨਾਨਕਸਰ ਕਲੇਰਾਂ ਵਾਲੇ, ਸ੍ਰੀਮਾਨ ਸੰਤ ਬਾਬਾ ਹਰੀ ਸਿੰਘ ਜ਼ੀਰੇ ਵਾਲੇ, ਸ੍ਰੀਮਾਨ ਸੰਤ ਬਾਬਾ ਬਲਵਿੰਦਰ ਸਿੰਘ ਕੋਰਾਲੀ ਵਾਲੇ ਯੂ.ਐਸ.ਏ, ਸ੍ਰੀਮਾਨ ਸੰਤ ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲੇ ਮੌਜੂਦਾ ਮੁਖੀ ਦਲ ਪੰਥ ਬਾਬਾ ਬਿਧੀ ਚੰਦ ਛੀਨਾ ਗੁਰੂ ਕਾ ਸੀਨਾ, ਭਾਈ ਸਾਹਿਬ ਭਾਈ ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ, ਸੰਤ ਬਾਬਾ ਭਗਤ ਮਿਲਖਾ ਸਿੰਘ, ਸੰਤ ਬਾਬਾ ਬੋਹੜ ਸਿੰਘ ਤੂਤਾਂ ਵਾਲੇ, ਮਾਤਾ ਵਿਪਨਪ੍ਰੀਤ ਕੌਰ ਜਥਾ ਲੁਧਿਆਣੇ ਵਾਲੇ, ਭਾਈ ਹਰਪ੍ਰੀਤ ਸਿੰਘ ਭੁਚੋ ਸਾਹਿਬ ਵਾਲੇ, ਗੁਰੂ ਪਿਆਰਾ ਨਾਨਕ ਸਿੰਘ ਨਾਨਕਸਰ ਮੰਦਰ ਮੁਹਾਰ ਵਾਲੇ, ਸੰਤ ਹਰੀ ਸਿੰਘ ਹਰੀ ਕੇ ਪੱਤਨ ਵਾਲੇ, ਬਾਬਾ ਬਲਜੀਤ ਸਿੰਘ ਗੁਰਦੁਆਰਾ ਠਾਠ ਸ਼ੇਰ ਮੁਹੰਮਦ ਵਾਲੇ, ਭਾਈ ਮਨਦੀਪ ਸਿੰਘ ਨਾਨਕਸਰ ਕਲੇਰਾਂ ਵਾਲੇ, ਬਾਬਾ ਜੁਗਰਾਜ ਸਿੰਘ ਨਾਨਕਸਰ ਵਾਲੇ, ਸੰਤ ਬਾਬਾ ਸ਼ੇਰ ਸਿੰਘ ਨਾਕਸਰ ਮਸੀਤਾ, ਬਾਬਾ ਬਲਜੀਤ ਸਿੰਘ ਠਾਠ ਨਾਨਕਸਰ ਸ਼ੇਰ ਮੁਹੰਮਦ, ਬਾਬਾ ਦਰਸ਼ਨ ਸਿੰਘ ਬੋਰੀ ਵਾਲੇ, ਢਾਡੀ ਜਥਾ ਭਾਈ ਬੋਹੜ ਸਿੰਘ ਬਾਰੇਕੇ ਵਾਲੇ, ਭਾਈ ਸਰਬਜੀਤ ਸਿੰਘ ਗੁਰਦੁਆਰਾ ਜਾਮਨੀ ਸਾਹਿਬ ਬਜੀਦਪੁਰ ਵਾਲੇ ਹਜ਼ੂਰੀ ਰਾਗੀ ਭਾਈ ਅਰਜਨ ਸਿੰਘ, ਭਾਈ ਹਰਨਾਮ ਸਿੰਘ, ਭਾਈ ਸੁਖਦੇਵ ਸਿੰਘ, ਬਲਜੀਤ ਸਿੰਘ ਬੱਬੂ, ਭਾਈ ਰਮਨਦੀਪ ਸਿੰਘ, ਭਾਈ ਗੁਰਬਖਸ਼ ਸਿੰਘ ਚੰਨ ਗੁਰਦੁਆਰਾ ਠਾਠ ਨਾਨਕਸਰ ਛਛਾਂਗਾ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਸ੍ਰੀਮਾਨ ਸੰਤ ਬਾਬਾ ਸੁੱਚ ਸਿੰਘ ਨੇ ਅੱਗੇ ਦੱਸਿਆ ਕਿ ਇਸ ਮੌਕੇ ਤੇ 12 ਵਜੇ ਅੰਮ੍ਰਿਤ ਸੰਚਾਰ ਕਰਵਾਏ ਜਾ ਰਹੇ ਹਨ ਅਤੇ ਮੈਡੀਕਲ ਕੈਂਪ ਲਾਏ ਜਾ ਰਹੇ ਹਨ। ਇਸ ਤੋਂ ਇਲਾਵਾ ਅੱਖਾਂ ਦੇ ਕੈਂਪ ਵੀ ਲਾਏ ਜਾ ਰਹੇ ਹਨ। ਬਾਬਾ ਜੀ ਨੇ ਸਮੂਹ ਸੰਗਤ ਨੂੰ ਬੇਨਤੀ ਕੀਤੀ ਕਿ ਉਹ ਭਾਰੀ ਗਿਣਤੀ ਵਿਚ ਪਹੁੰਚ ਕੇ ਆਏ ਹੋਏ ਮਹਾਂਪੁਰਸ਼ਾਂ ਦੇ ਵਿਚਾਰ ਸੁਣ ਕੇ ਆਪਣਾ ਜੀਵਨ ਸਫਲ ਬਣਾਉ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਏ ਜਾਣਗੇ।

## ਅਮਨਦੀਪ ਹਸਪਤਾਲ ਨੇ ਲਾਇਆ ਮੁਫਤ ਸਿਹਤ ਜਾਂਚ ਕੈਂਪ




ਫ਼ਿਰੋਜ਼ਪੁਰ, 13 ਸਤੰਬਰ (ਮਨੋਹਰ ਲਾਲ) :— ਅਮਨਦੀਪ ਹਸਪਤਾਲ ਉਜਾਲਾ ਸਿਗਨਸ ਹੈਲਥਕੇਅਰ ਸਰਵਿਸਿਜ਼ ਦੇ ਸਹਿਯੋਗ ਨਾਲ ਐਲਆਈਸੀ ਦਫ਼ਤਰ, ਮਲਵਾਲ ਰੋਡ ਮਾਡਲ ਟਾਊਨ, ਫਿਰੋਜ਼ਪੁਰ ਸਿਟੀ ਵਿੱਚ ਮੁਫ਼ਤ ਸਿਹਤ ਜਾਂਚ ਸ਼ਿਵਿਰ ਆਯੋਜਿਤ ਕੀਤਾ ਗਿਆ। ਇਸ ਸ਼ਿਵਰ ਵਿੱਚ ਡਾ: ਪ੍ਰਦੀਪ ਮਿੱਤਲ (ਐਮ.ਡੀ. ਮੈਡਿਸਿਨ) ਵੱਲੋਂ ਮਰੀਜ਼ਾਂ ਦੀ ਜਾਂਚ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹਸਪਤਾਲ ਦੇ ਫੈਸਿਲਿਟੀ ਡਾਇਰੈਕਟਰ ਡਾ: ਅਭਿਸ਼ੇਕ ਅਰੋੜਾ ਨੇ ਦੱਸਿਆ ਕਿ ਸ਼ਿਵਿਰ ਵਿੱਚ ਮਰੀਜ਼ਾਂ ਨੂੰ ਮੁਫ਼ਤ ਜਨਰਲ ਹੈਲਥ ਚੈੱਕਅੱਪ ਅਤੇ ਬੋਨ ਮਿਨਰਲ ਡੈਂਸਿਟੀ ਟੈਸਟ ਦੀ ਸੁਵਿਧਾ ਉਪਲਬਧ ਕਰਵਾਈ ਗਈ। ਆਮ ਤੌਰ ਤੇ ਇਹ ਟੈਸਟ 1500 ਰੁਪਏ ਦਾ ਹੁੰਦਾ ਹੈ, ਪਰ ਲੋਕਾਂ ਨੂੰ ਇਹ ਬਿਲਕੁਲ ਮੁਫ਼ਤ ਕਰਵਾਇਆ ਗਿਆ।

ਇਸ ਮੌਕੇ ਤੇ ਲਗਭਗ 100 ਤੋਂ ਵੱਧ ਮਰੀਜ਼ਾਂ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਸਿਹਤ ਸਬੰਧੀ ਲੋੜੀਂਦੇ ਸਲਾਹ—ਮਸ਼ਵਰੇ ਵੀ ਦਿੱਤੇ ਗਏ। ਇਸ ਆਯੋਜਨ ਦਾ ਮਕਸਦ ਲੋਕਾਂ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਵਧਾਉਣਾ ਅਤੇ ਬਿਮਾਰੀਆਂ ਦੀ ਸਮੇਂ ਤੇ ਪਛਾਣ ਕਰਨਾ ਰਿਹਾ। ਇਸ ਮੌਕੇ ਗੁਰਪ੍ਰੀਤ ਸਿੰਘ ਸੋਢੀ (ਮਾਰਕੀਟਿੰਗ ਮੈਨੇਜਰ), ਮਯੂਰ ਭਾਟੀਆ (ਸ਼ਾਖਾ ਪ੍ਰਬੰਧਕ), ਸੁਖਦੇਵ (ਸਹਾਇਕ ਸ਼ਾਖਾ ਪ੍ਰਬੰਧਕ), ਅਰੁਣ ਛਾਰੀਆ, ਨਰੇਸ਼ ਚੋਪੜਾ, ਰਾਕੇਸ਼ ਕੁਮਾਰ, ਰਾਜੇਸ਼ ਕਸ਼ਯਪ, ਮੀਨਾਕਸ਼ੀ ਉਪਾਧਿਆਇ, ਨੀਲਮ ਰਤਵਾਲ, ਨੀਲਮ ਗਰੋਵਰ, ਕਰਣ ਭਰਦਵਾਜ, ਕਾਂਤਾ ਬੰਸਲ, ਪੂਨਮ, ਅਮ੍ਰਿਤਪਾਲ ਕੌਰ, ਜੋਤੀ ਜੁਨੇਜਾ, ਤਿਲਕ ਰਾਜ ਐਰੀ, ਰਾਜੀਵ ਕਾਲੀਆ, ਰਾਜੇਸ਼ ਵਾਸੁਦੇਵਾ, ਸੰਜੇ ਚੌਹਾਨ, ਸੰਜੇ ਢੀਂਗਰਾ, ਜਸਵੰਤ ਸਿੰਘ ਧਨਜਲ, ਕਾਰਜ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243